# ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਅਤੇ ਰਿਜਨਲ ਕੈਂਪਸਾਂ ਦੇ ਹੋਸਟਲਾਂ ਦੀਆਂ ਮੈੱਸਾਂ ਲਈ ਫਾਰਮ/ਬਿਨੈ-ਪੱਤਰ

1) ਬਿਨੈਕਾਰ ਦਾ ਨਾਮ : ______________________________

2) ਪਿਤਾ ਦਾ ਨਾਮ : ______________________________

3) ਉਮਰ : ______________________________

4) ਘਰ ਦਾ ਪਤਾ : ______________________________

______________________________

______________________________

5) ਮੋਬਾਇਲ/ਟੈਲੀਫੋਨ ਨੰ. : ______________________________

6) ਵਿਦਿਅਕ ਜਾਂ ਕਿਸੇ ਹੋਰ ਸੰਸਥਾ ਵਿਚ ਮੈਸ ਚਲਾਉਣ ਦਾ ਤਜ਼ਰਬਾ :

| ਕ੍ਰਮ ਨੰ. | ਸੰਸਥਾ ਦਾ ਨਾਮ | ਮੈਸ ਵਿਚ ਵਿਦਿਆਰਥੀਆਂ ਦੀ ਗਿਣਤੀ | ਸਮਾਂ | |
|---|---|---|---|---|
| | | | ਕਦੋਂ ਤੋਂ | ਕਦੋਂ ਤੱਕ |
| | | | | |
| | | | | |
| | | | | |

**ਨੋਟ:- Experience Certificate ਨਾਲ ਨੱਥੀ ਕੀਤਾ ਜਾਵੇ।**

7) ਕਿਸ ਕੈਂਪਸ ਦੇ ਕਿਹੜੇ ਹੋਸਟਲ ਦੀ ਕਿਹੜੀ ਮੈਸ ਲੈਣ ਦੇ ਚਾਹਵਾਨ ਹੋ ?:

______________________________

8) ਕਿੰਨੀ License Fee/Financial Bid ਭਰਨ ਲਈ ਤਿਆਰ ਹੋ ? : ________________

9) **ਫਾਰਮ ਦੀ ਕੀਮਤ**:-

ਰਸੀਦ ਨੰਬਰ __________ ਮਿਤੀ __________

10) **ਜਮਾਨਤੀ ਰਕਮ:-**

ਡਰਾਫਟ ਨੰ. _______ ਰਕਮ ___________ ਮਿਤੀ ________

ਮੈਂ ਇਹ ਬਿਆਨ ਕਰਦਾ/ਕਰਦੀ ਹਾ ਕਿ ਮੈਨੂੰ ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਹੀਂ ਦਿੱਤਾ ਗਿਆ ਹੈ ਅਤੇ ਨਾਂ ਹੀ ਮੈਨੂੰ ਕਿਸੇ ਵਿਭਾਗ/ਸੰਸਥਾ ਵੱਲੋਂ Debar/Blacklist ਕੀਤਾ ਗਿਆ ਹੈ।

***ਬਿਨੈਕਾਰ ਦੇ ਹਸਤਾਖਰ***

**ਫਾਰਮ ਦੀ ਕੀਮਤ** 2000/-**ਰੁਪਏ**

## ਸਾਲ 2021-22 ਲਈ ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ, ਰਿਜਨਲ ਕੈਂਪਸ, ਜਲੰਧਰ ਅਤੇ ਗੁਰਦਾਸਪੁਰ ਵਿਖੇ ਮੈਸਾਂ ਦਾ ਵੇਰਵਾ

| ਯੂਨੀਵਰਸਿਟੀ ਕੈਂਪਸ,ਅੰਮ੍ਰਿਤਸਰ | |
|---|---|
| **ਹੋਸਟਲ ਦਾ ਨਾਮ** | **ਮੈਸਾਂ ਦੀ ਗਿਣਤੀ** |
| ਲੜਕੀਆਂ ਦਾ ਹੋਸਟਲ-1 | 01 |
| ਲੜਕੀਆਂ ਦਾ ਹੋਸਟਲ-2 | 01 |
| ਲੜਕੀਆਂ ਦਾ ਹੋਸਟਲ-3 | 01 |
| ਲੜਕੀਆਂ ਦਾ ਹੋਸਟਲ-4 | 01 |
| ਲੜਕਿਆਂ ਦਾ ਹੋਸਟਲ-1 | 02 |
| ਲੜਕਿਆਂ ਦਾ ਹੋਸਟਲ-2 | 02 |
| ਲੜਕਿਆਂ ਦਾ ਹੋਸਟਲ-3 | 01 |
| **ਰਿਜ਼ਨਲ ਕੈਂਪਸ, ਜਲੰਧਰ** | |
| ਲੜਕੀਆਂ ਦਾ ਹੋਸਟਲ | 1 |
| **ਰਿਜ਼ਨਲ ਕੈਂਪਸ, ਗੁਰਦਾਸਪੁਰ** | |
| ਲੜਕੀਆਂ ਦਾ ਹੋਸਟਲ | 1 |
| ਲੜਕਿਆਂ ਦਾ ਹੋਸਟਲ | 1 |

## ਕੰਟੀਨਾਂ ਦਾ ਵੇਰਵਾ

| ਯੂਨੀਵਰਸਿਟੀ ਕੈਂਪਸ,ਅੰਮ੍ਰਿਤਸਰ | |
|---|---|
| **ਹੋਸਟਲ ਦਾ ਨਾਮ** | **ਕੰਟੀਨਾਂ ਦੀ ਗਿਣਤੀ** |
| ਲੜਕੀਆਂ ਦਾ ਹੋਸਟਲ-1 | 01 |
| ਲੜਕੀਆਂ ਦਾ ਹੋਸਟਲ-2 | 01 |
| ਲੜਕੀਆਂ ਦਾ ਹੋਸਟਲ-3 | 01 |
| ਲੜਕੀਆਂ ਦਾ ਹੋਸਟਲ-4 | 01 |
| ਲੜਕਿਆਂ ਦਾ ਹੋਸਟਲ-1 | 02 |
| ਲੜਕਿਆਂ ਦਾ ਹੋਸਟਲ-2 | 01 |
| ਲੜਕਿਆਂ ਦਾ ਹੋਸਟਲ-3 | 01 |
| **ਰਿਜ਼ਨਲ ਕੈਂਪਸ, ਜਲੰਧਰ** | |
| ਲੜਕੀਆਂ ਦਾ ਹੋਸਟਲ | 1 |
| ਕਾਮਨ ਕੈਂਪਸ ਕੰਟੀਨ | 1 |
| **ਰਿਜ਼ਨਲ ਕੈਂਪਸ, ਗੁਰਦਾਸਪੁਰ** | |
| ਲੜਕੀਆਂ ਦਾ ਹੋਸਟਲ | 1 |
| ਲੜਕਿਆਂ ਦਾ ਹੋਸਟਲ | 1 |
| ਕਾਮਨ ਕੈਂਪਸ ਕੰਟੀਨ | 1 |

## ਦੁਕਾਨਾਂ ਦਾ ਵੇਰਵਾ

| ਹੋਸਟਲ ਦਾ ਨਾਮ | ਵੇਰਵਾ | ਦੁਕਾਨਾਂ ਦੀ ਗਿਣਤੀ |
|---|---|---|
| **ਯੂਨੀਵਰਸਿਟੀ ਕੈਂਪਸ,ਅੰਮ੍ਰਿਤਸਰ** | | |
| ਲੜਕੀਆਂ ਦਾ ਹੋਸਟਲ-2 | ਸਟੇਸ਼ਨਰੀ ਸ਼ਾਪ | 1 |
| | ਫੋਟੋਸਟੇਟ ਅਤੇ ਕਾਸਮੈਟਿਕਸ ਸ਼ਾਪ | 1 |
| ਲੜਕੀਆਂ ਦਾ ਹੋਸਟਲ-4 | ਫੋਟੋਸਟੇਟ ਕਮ ਸਟੇਸ਼ਨਰੀ ਸ਼ਾਪ | 1 |
| ਲੜਕਿਆਂ ਦਾ ਹੋਸਟਲ-1 | ਫੋਟੋਸਟੇਟ ਕਮ ਸਟੇਸ਼ਨਰੀ ਸ਼ਾਪ | 1 |
| **ਰਿਜ਼ਨਲ ਕੈਂਪਸ, ਜਲੰਧਰ** | | |
| ਲੜਕੀਆਂ ਦਾ ਹੋਸਟਲ | ਫੋਟੋਸਟੇਟ ਸ਼ਾਪ | 1 |
| **ਰਿਜ਼ਨਲ ਕੈਂਪਸ, ਗੁਰਦਾਸਪੁਰ** | | |
| ਕਾਮਨ ਸ਼ਾਪ | ਸਟੇਸ਼ਨਰੀ ਸ਼ਾਪ | 1 |

**ਸੈਸ਼ਨ 2021–2022 ਲਈ (Extendable uptp 30.06.2024) ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ, ਰਿਜਨਲ ਕੈਂਪਸ, ਜਲੰਧਰ ਅਤੇ ਰਿਜਨਲ ਕੈਂਪਸ, ਗੁਰਦਾਸਪੁਰ ਦੇ ਲੜਕੇ ਅਤੇ ਲੜਕੀਆਂ ਦੇ ਹੋਸਟਲਾਂ ਦੀਆਂ ਮੈੱਸਾਂ ਦੀ ਅਲਾਟਮੈਂਟ ਸਬੰਧੀ ਸ਼ਰਤਾਂ**

**ਬਿਨੈਕਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮੈੱਸਾਂ ਲਈ ਅਪਲਾਈ ਕਰਨ ਤੋਂ ਪਹਿਲਾਂ ਹੇਠ ਲਿਖੀਆਂ ਸ਼ਰਤਾਂ ਧਿਆਨ ਨਾਲ ਪੜ੍ਹ ਲੈਣ ਤਾਂ ਜੋ ਬਿਨੈ-ਪੱਤਰ ਕੈਂਸਲ/ਰੀਜੈਕਟ ਨਾ ਹੋਵੇ।**

1. ਮੈੱਸਾਂ ਦੀ ਅਲਾਟਮੈਂਟ ਸਬੰਧੀ ਬਿਨੈ-ਪੱਤਰ ਇਸ਼ਤਿਹਾਰ ਅਖਬਾਰ ਵਿਚ ਛਪਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ-ਅੰਦਰ ਸੀਲਡ ਲਿਫਾਫੇ ਵਿਚ ਡੀਨ ਵਿਦਿਆਰਥੀ ਭਲਾਈ ਦਫਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪਤੇ ਤੇ ਰਜਿਸਟਰਡ ਪੋਸਟ ਰਾਹੀਂ ਭੇਜਿਆ ਜਾਵੇ ਜਿਸ ਉਪਰ ਮੋਟੇ ਅੱਖਰਾਂ ਵਿਚ "Application for the Allotment of Mess" (ਜਿਸ ਲਈ ਅਪਲਾਈ ਕੀਤਾ ਹੋਵੇ) ਲਿਖਿਆ ਹੋਵੇ।
2. ਜਿਸ ਬਿਨੈਕਾਰ ਵੱਲੋਂ ਵੀ ਮੈੱਸ ਲਈ ਅਲਪਾਈ ਕੀਤਾ ਜਾ ਰਿਹਾ ਹੈ ਉਸ ਬਿਨੈਕਾਰ ਦਾ Covid-19 Vaccinated ਹੋਣਾ ਜਰੂਰੀ ਹੈ ਇਸ ਲਈ ਅਪਲਾਈ ਕਰਨ ਸਮੇਂ ਉਸ ਵੱਲੋਂ ਆਪਣਾ Vaccination Certificate ਬਿਨੈ-ਪੱਤਰ ਦੇ ਨਾਲ ਨੱਥੀ ਕਰਨਾ ਜਰੂਰੀ ਹੋਵੇਗਾ।
3. ਫਾਰਮ ਬਿਨੈ-ਪੱਤਰ ਦੀ ਕੀਮਤ 2000/- ਰੁਪਏ ਯੂਨੀਵਰਸਿਟੀ ਕੈਸ਼ੀਅਰ ਪਾਸ ਜਮ੍ਹਾਂ ਕਰਵਾ ਕੇ ਰਸੀਦ ਫਾਰਮ ਦੇ ਨਾਲ ਨੱਥੀ ਕੀਤੀ ਜਾਵੇ।
4. ਇਕ ਤੋਂ ਵੱਧ ਮੈੱਸਾਂ ਵਾਸਤੇ ਵੱਖ-ਵੱਖ ਬਿਨੈ-ਪੱਤਰ ਭਰੇ ਜਾਣ।
5. ਮੈੱਸਾਂ ਲਈ ਉਹ ਹੀ ਬਿਨੈਕਾਰ ਅਪਲਾਈ ਕਰ ਸਕਦੇ ਹਨ ਜਿਨ੍ਹਾਂ ਨੂੰ ਅਦਾਲਤ ਵੱਲੋਂ ਕਿਸੇ ਵੀ ਕੇਸ ਵਿਚ ਦੋਸ਼ੀ ਕਰਾਰ ਨਾ ਦਿੱਤਾ ਗਿਆ ਹੋਵੇ ਅਤੇ ਨਾ ਹੀ ਉਸਨੂੰ ਕਿਸੇ ਵਿਭਾਗ ਜਾਂ ਸੰਸਥਾ ਵੱਲੋਂ Debar/Blacklist ਕੀਤਾ ਗਿਆ ਹੋਵੇ।Residence Proof (Adhar Card) ਦੀ ਪਰਤ ਬਿਨੈ-ਪੱਤਰ ਦੇ ਨਾਲ ਜਮ੍ਹਾਂ ਕਰਾਉਣੀ ਜਰੂਰੀ ਹੋਵੇਗੀ। ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਬਿਨੈ-ਪੱਤਰ ਵਿਚਾਰੇ ਨਹੀਂ ਜਾਣਗੇ।
6. ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਦੇ ਹੋਸਟਲਾਂ ਦੀਆਂ ਮੈੱਸਾਂ ਲਈ ਅਪਲਾਈ ਕਰਨ ਵਾਸਤੇ ਘੱਟੋ-ਘੱਟ 300 ਵਿਦਿਆਰਥੀਆਂ ਦੀ ਗਿਣਤੀ ਵਾਲੀ ਮੈੱਸ ਚਲਾਉਣ ਦਾ 3 ਸਾਲ ਦਾ ਤਜਰਬਾ ਲਾਜਮੀ ਹੈ। ਰਿਜਨਲ ਕੈਂਪਸ, ਜਲੰਧਰ ਦੇ ਹੋਸਟਲ ਦੀ ਮੈੱਸ ਲਈ ਅਪਲਾਈ ਕਰਨ ਵਾਸਤੇ ਘੱਟੋ-ਘੱਟ 150 ਅਤੇ ਰਿਜਨਲ ਕੈਂਪਸ, ਗੁਰਦਾਸਪੁਰ ਦੀ ਮੈੱਸ ਲਈ ਅਪਲਾਈ ਕਰਨ ਵਾਸਤੇ ਘੱਟੋ-ਘੱਟ 100 ਵਿਦਿਆਰਥੀਆਂ ਦੀ ਗਿਣਤੀ ਵਾਲੀ ਮੈੱਸ ਚਲਾਉਣ ਦਾ 3 ਸਾਲ ਦਾ ਤਜਰਬਾ ਲਾਜਮੀ ਹੈ। ਤਜਰਬੇ ਦਾ ਸਰਟੀਫਿਕੇਟ ਸਬੰਧਤ ਸੰਸਥਾ ਦੇ ਪ੍ਰਿੰਸੀਪਲ/ਸਮਰੱਥ ਅਧਿਕਾਰੀ ਵੱਲੋਂ ਸੰਸਥਾ ਦੇ ਲੈਟਰ ਹੈਡ ਤੇ ਤਸਦੀਕ ਕਰਵਾ ਕੇ ਫਾਰਮ ਦੇ ਨਾਲ ਨੱਥੀ ਕੀਤਾ ਜਾਵੇ।
7. ਮੈੱਸਾਂ ਲਈ ਅਪਲਾਈ ਕਰਨ ਵਾਲੇ ਬਿਨੈਕਾਰਾਂ ਵੱਲੋਂ Food Safety and Standards Authority of India ਵੱਲੋਂ ਨਿਰਧਾਰਿਤ Valid FSSAI License ਦੀ ਪਰਤ ਬਿਨੈਪੱਤਰ ਦੇ ਨਾਲ ਜਮ੍ਹਾਂ ਕਰਾਉਣੀ ਜਰੂਰੀ ਹੋਵੇਗੀ।
8. ਮੈੱਸਾਂ ਦੀ ਅਲਾਟਮੈਂਟ ਮਿਤੀ 01.07.2021 ਤੋਂ 30.06.2022 ਤੱਕ ਇਕ ਸਾਲ ਲਈ ਕੀਤੀ ਜਾਵੇਗੀ ਜੋ ਕੰਮ ਅਤੇ ਵਿਵਹਾਰ ਤਸੱਲੀ-ਬਖਸ਼ ਹੋਣ ਦੀ ਸੂਰਤ ਵਿਚ 5% ਕਿਰਾਏ ਦੇ ਵਾਧੇ ਨਾਲ ਦੋ ਸਾਲਾਂ (30.06.2024) ਤੱਕ ਵਧਾਈ ਜਾ ਸਕਦੀ ਹੈ।
9. ਮੈੱਸਾਂ ਲਈ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ ਵਿੱਚੋਂ ਜਿਸ ਯੋਗ ਬਿਨੈਕਾਰ ਵੱਲੋਂ ਸਭ ਤੋਂ ਜ਼ਿਆਦਾ Licence Fees/Financial Bid ਭਰੀ ਹੋਵੇਗੀ ਉਸ ਬਿਨੈਕਾਰ ਨੂੰ ਹੀ ਇੰਟਰਵਿਊ ਲਈ ਬੁਲਾਉਣ ਉਪਰੰਤ ਅਲਾਟਮੈਂਟ ਕੀਤੀ ਜਾਵੇਗੀ। ਜੇਕਰ ਬਿਨੈਕਾਰ ਇੰਟਰਵਿਊ ਵਿੱਚ ਹਾਜ਼ਰ ਨਹੀਂ ਹੁੰਦਾ (ਜੋ ਕਿ ਬਿਨੈਕਾਰ ਨੂੰ ਅਪੀਅਰ ਹੋਣਾ Mandatory ਹੈ), ਤਾਂ ਉਸ ਵੱਲੋਂ Demand Draft ਦੇ ਰੂਪ ਵਿੱਚ ਜਮ੍ਹਾਂ ਕਰਵਾਈ ਗਈ ਰਾਸ਼ੀ ਜ਼ਬਤ ਕਰ ਲਈ ਜਾਵੇਗੀ ਅਤੇ ਜੇਕਰ ਇੰਟਰਵਿਊ ਵਿੱਚ ਹਾਜ਼ਰ ਹੋਏ ਯੋਗ ਬਿਨੈਕਾਰ ਵੱਲੋਂ ਇਕ ਹਫਤੇ ਦੇ ਅੰਦਰ-ਅੰਦਰ ਪਹਿਲੇ 3 ਮਹੀਨਿਆਂ ਦਾ ਪੇਸ਼ਗੀ ਕਿਰਾਇਆ ਅਤੇ ਨਿਯਮਾਂ ਅਨੁਸਾਰ GST ਅਲਾਟਮੈਂਟ ਸਮੇਂ ਹੀ ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਇਨ੍ਹਾਂ ਹਾਲਾਤਾਂ ਵਿੱਚ ਵੀ ਉਸ ਵੱਲੋਂ Demand Draft ਦੇ ਰੂਪ ਵਿੱਚ ਜਮ੍ਹਾਂ ਕਰਵਾਈ ਗਈ ਰਾਸ਼ੀ ਜ਼ਬਤ ਕਰ ਲਈ ਜਾਵੇਗੀ । ਇਸ ਉਪਰੰਤ Waiting List ਵਿੱਚੋਂ ਅਗਲੇ ਯੋਗ ਬਿਨੈਕਾਰ ਨੂੰ ਉਸ ਵੱਲੋਂ ਦਿੱਤੀ ਗਈ Licence Fees/ Financial Bid ਦੇ ਆਧਾਰ ਤੇ ਹੀ ਅਲਾਟਮੈਂਟ ਸਬੰਧੀ ਕਾਰਵਾਈ ਕੀਤੀ ਜਾਵੇਗੀ ਅਤੇ ਜੇਕਰ ਅਗਲੇ ਯੋਗ ਬਿਨੈਕਾਰ ਵੱਲੋਂ ਵੀ ਉਕਤ ਅਨੁਸਾਰ ਲੋੜੀਂਦੀ ਕਾਰਵਾਈ ਸਮੇਂ ਸਿਰ ਨਹੀਂ ਕੀਤੀ ਜਾਂਦੀ ਤਾਂ ਉਸ ਲਈ ਵੀ ਉਕਤ ਨਿਯਮ ਹੀ ਲਾਗੂ ਹੋਣਗੇ ਅਤੇ ਇਨ੍ਹਾਂ ਬਿਨੈਕਾਰਾਂ ਨੂੰ ਭਵਿੱਖ ਵਿੱਚ ਯੂਨੀਵਰਸਿਟੀ ਦੇ ਹੋਸਟਲਾਂ ਦੀ ਕਿਸੇ ਮੈੱਸ/ਕੰਟੀਨ/ਦੁਕਾਨ ਆਦਿ ਲਈ ਅਪਲਾਈ ਕਰਨ ਤੋਂ debar ਕੀਤਾ ਜਾਵੇਗਾ।
10. ਮੈੱਸ ਲਈ ਬਿਨੈਕਾਰ ਵੱਲੋਂ ਆਪਣੇ ਬਿਨੈ-ਪੱਤਰ ਵਿਚ ਜਿੰਨੀ Leease Amount/Financial Bid ਵਿਚ ਭਰੀ ਜਾਵੇਗੀ ਉਸ ਦੇ ਤਿੰਨ ਗੁਣਾ ਰਾਸ਼ੀ ਦਾ Demand Draft ਜੋ ਕਿ Registrar, Guru Nanak Dev University, Amritsar ਦੇ ਨਾਮ ਤੇ ਹੋਵੇ, ਅਪਣੇ ਬਿਨੈ-ਪੱਤਰ ਦੇ ਨਾਲ ਜਮ੍ਹਾਂ ਕਰਵਾਉਣਾ ਲਾਜਮੀ ਹੋਵੇਗਾ ਜਿਸਦੀ ਰਾਸ਼ੀ ਸਫਲ ਉਮੀਦਵਾਰ ਦੀ ਜਮਾਨਤੀ ਰਕਮ ਵਿਚ ਐਡਜਸਟ ਕਰ ਦਿੱਤੀ ਜਾਵੇਗੀ ਜੋ ਅਲਾਟਮੈਂਟ ਦੀ ਮਿਆਦ ਖਤਮ ਹੋਣ ਉਪਰੰਤ ਬਿਨ੍ਹਾਂ ਵਿਆਜ ਵਾਪਸੀ ਯੋਗ ਹੋਵੇਗੀ ਅਤੇ ਬਾਕੀ ਉਮੀਦਵਾਰਾਂ ਨੂੰ Demand Draft ਵਾਪਸ ਕਰ ਦਿੱਤਾ ਜਾਵੇਗਾ।
11. ਬਿਨੈਕਾਰਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਅਲਾਟਮੈਂਟ ਸਬੰਧੀ ਨਿਰਧਾਰਿਤ ਬਿਨੈ-ਪੱਤਰ ਵਿੱਚ ਅਪਣੇ ਮੋਬਾਇਲ ਨੰਬਰ ਅਤੇ E-mail ID ਸਹੀ ਭਰਨ ਕਿਉਂਜੋ ਯੋਗ ਬਿਨੈਕਾਰ ਨੂੰ ਇੰਟਰਵਿਊ ਸਬੰਧੀ ਦਫਤਰ ਵੱਲੋਂ ਮੋਬਾਇਲ ਕਾਲ, SMS ਅਤੇ ਉਸ ਵੱਲੋਂ ਦਿੱਤੀ ਗਈ E-mail ID ਤੇ ਸੂਚਨਾ ਦਿੱਤੀ ਜਾਵੇਗੀ । ਜੇਕਰ ਬਿਨੈਕਾਰ ਵੱਲੋਂ ਮੋਬਾਇਲ ਨੰਬਰ ਅਤੇ E-mail ID ਸਹੀ ਨਾ ਦਿੱਤੇ ਜਾਣ ਕਰਕੇ ਕੋਈ ਗਲਤੀ/ਦੇਰੀ ਹੁੰਦੀ ਹੈ ਜਾਂ ਉਸ ਬਿਨੈਕਾਰ ਦੀ ਇੰਟਰਵਿਊ ਰਹਿ ਜਾਂਦੀ ਹੈ ਤਾਂ ਉਸ ਦੀ ਜਿੰਮਵਾਰੀ ਸਬੰਧਿਤ ਬਿਨੈਕਾਰ ਦੀ ਹੋਵੇਗੀ। ਬਿਨੈ-ਪੱਤਰ ਪ੍ਰਾਪਤ ਹੋਣ ਉਪਰੰਤ ਦਫਤਰ ਵੱਲੋਂ ਸਮੂਹ ਯੋਗ ਬਿਨੈ-ਕਾਰਾਂ ਦੀ ਲਿਸਟ (ਸਮੇਤ ਵੇਟਿੰਗ ਲਿਸਟ) ਯੂਨੀਵਰਸਿਟੀ ਵੈਬ-ਸਾਈਟ ਤੇ ਅਪਲੋਡ ਕੀਤੀ ਜਾਵੇਗੀ।
12. ਕਿਸੇ ਵੀ ਬਿਨੈ-ਪੱਤਰ ਨੂੰ ਬਿਨ੍ਹਾਂ ਕੋਈ ਕਾਰਨ ਦੱਸੇ ਰੱਦ ਕਰਨ ਦੇ ਅਧਿਕਾਰ ਕਮੇਟੀ ਪਾਸ ਰਾਖਵੇਂ ਹੋਣਗੇ।

13. ਮੈੱਸ ਦੀ ਅਲਾਟਮੈਂਟ ਹੋਣ ਉਪਰੰਤ ਜੇ ਕੋਈ ਠੇਕੇਦਾਰ ਮੈੱਸ ਨਿਰਧਾਰਿਤ ਮਿਤੀ ਤੋਂ ਪਹਿਲਾਂ ਛੱਡਣੀ ਚਾਹੇ ਤਾਂ ਉਸ ਵੱਲੋਂ ਯੂਨੀਵਰਸਿਟੀ ਨੂੰ 2 ਮਹੀਨੇ ਦਾ ਅਗਾਊਂ ਨੋਟਿਸ ਦੇਣਾ ਜਰੂਰੀ ਹੋਵੇਗਾ ਅਤੇ ਜੇਕਰ ਉਸ ਵੱਲੋਂ ਅਗਾਊਂ ਨੋਟਿਸ ਦੇਣ ਤੋਂ ਬਗੈਰ ਮੈੱਸ ਛੱਡੀ ਜਾਂਦੀ ਹੈ ਤਾਂ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਜਮਾਨਤੀ ਰਕਮ ਜਬਤ ਕਰ ਲਈ ਜਾਵੇਗੀ।
14. ਮੈੱਸ ਦੀ ਅਲਾਟਮੈਂਟ ਹੋਣ ਉਪਰੰਤ ਜੇ ਕੋਈ ਠੇਕੇਦਾਰ ਚਲਦੇ ਸੈਸ਼ਨ ਵਿਚ ਕਿਸੇ ਵੀ ਕਾਰਨ ਕਰਕੇ ਮੈੱਸ ਛੱਡਦਾ ਹੈ ਤਾਂ ਬਾਕੀ ਬਚਦੇ ਸਮੇਂ ਵਾਸਤੇ ਅਗਲੇ ਯੋਗ ਉਮੀਦਵਾਰ ਨੂੰ ਉਸ ਵੱਲੋਂ ਫਾਰਮ ਵਿਚ ਭਰੇ ਕਿਰਾਏ ਤੇ ਪਹਿਲੀਆਂ ਸ਼ਰਤਾਂ ਅਤੇ ਬਾਨ੍ਹਾਂ ਤੇ ਮੈੱਸ ਅਲਾਟ ਕਰ ਦਿੱਤੀ ਜਾਵੇਗੀ।
15. ਮੈੱਸਾਂ ਵਿਚ ਬਿਜਲੀ ਅਤੇ ਪਾਣੀ ਦੀ ਸਪਲਾਈ ਯੂਨੀਵਰਸਿਟੀ ਵੱਲੋਂ ਕੀਤੀ ਜਾਵੇਗੀ ਪਰੰਤੂ ਬਿਜਲੀ ਦੇ ਮੀਟਰ ਠੇਕੇਦਾਰ ਵੱਲੋਂ ਆਪਣੇ ਪੱਧਰ ਤੇ ਲਗਵਾਏ ਜਾਣਗੇ ਅਤੇ ਇਨ੍ਹਾਂ ਦੇ ਬਿੱਲਾਂ ਦੀ ਅਦਾਇਗੀ ਵੀ ਠੇਕੇਦਾਰ ਵੱਲੋਂ ਯੂਨੀਵਰਸਿਟੀ ਨਿਯਮਾਂ ਅਨੁਸਾਰ ਆਪਣੇ ਪੱਧਰ ਤੇ ਕੀਤੀ ਜਾਵੇਗੀ। ਯੂਨੀਵਰਸਿਟੀ ਕੈਂਪਸ ਦੀਆਂ ਮੈੱਸਾਂ ਦੇ ਠੇਕੇਦਾਰਾਂ ਪਾਸੋਂ ਪਾਣੀ ਦਾ ਕਿਰਾਇਆ 700/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਅਤੇ ਰਿਜਨਲ ਕੈਂਪਸ, ਜਲੰਧਰ ਅਤੇ ਗੁਰਦਾਸਪੁਰ ਦੀਆਂ ਮੈੱਸਾਂ ਲਈ ਪਾਣੀ ਦਾ ਬਿੱਲ 500/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਚਾਰਜ ਕੀਤਾ ਜਾਵੇਗਾ।
16. 25 ਵਿਦਿਆਰਥੀਆਂ ਪਿੱਛੇ ਘੱਟੋ-ਘੱਟ ਇਕ ਸਰਵਿਸ ਬੁਆਏ ਰੱਖਣਾ ਲਾਜਮੀ ਹੋਵੇਗਾ।
17. ਮੈੱਸ ਦਾ ਠੇਕੇਦਾਰ ਪਹਿਲੇ 3 ਮਹੀਨਿਆਂ ਦਾ ਪੇਸ਼ਗੀ ਕਿਰਾਇਆ ਅਤੇ ਨਿਯਮਾਂ ਅਨੁਸਾਰ G.S.T. ਅਲਾਟਮੈਂਟ ਹੋਣ ਤੋਂ 10 ਦਿਨਾਂ ਦੇ ਅੰਦਰ-ਅੰਦਰ ਜਮ੍ਹਾਂ ਕਰਵਾਏਗਾ ਅਤੇ ਅਗਲੇ 3 ਮਹੀਨਿਆਂ ਦਾ ਕਿਰਾਇਆ (ਸਮੇਤ GST) ਸਤੰਬਰ ਮਹੀਨੇ ਦੀ 25 ਤੋਂ 30 ਤਾਰੀਖ (ਜਾਂ ਅਖੀਰਲੇ ਕੰਮ ਵਾਲੇ ਦਿਨ ਤੱਕ) ਜਮ੍ਹਾਂ ਕਰਵਾਏਗਾ। ਜੇਕਰ ਕਿਸੇ ਠੇਕੇਦਾਰ ਵੱਲੋਂ ਇਸ ਦਰਮਿਆਨ ਕਿਰਾਇਆ ਜਮ੍ਹਾਂ ਨਹੀਂ ਕਰਾਇਆ ਜਾਂਦਾ ਤਾਂ ਅਕਤੂਬਰ ਮਹੀਨੇ ਦੀ 15 ਤਾਰੀਖ ਤੱਕ (ਜਾਂ ਕੰਮ ਵਾਲੇ ਦਿਨ ਤੱਕ) ਉਸਨੂੰ ਕਿਰਾਇਆ ਸਮੇਤ GST 10% Penalty ਨਾਲ ਜਮ੍ਹਾਂ ਕਰਵਾਉਣਾ ਪਵੇਗਾ ਅਤੇ ਜੇਕਰ ਠੇਕੇਦਾਰ ਵੱਲੋਂ ਫਿਰ ਵੀ ਕਿਰਾਇਆ (ਸਮੇਤ GST) ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਉਸਦਾ ਠੇਕਾ ਰੱਦ ਕਰਨ ਅਤੇ ਜਮਾਨਤੀ ਰਕਮ ਜਬਤ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ। ਇਹ ਹੀ ਸ਼ਰਤ ਅਗਲੀਆਂ ਤਿਮਾਹੀਆਂ ਦੇ ਕਿਰਾਏ ਆਦਿ ਤੇ ਲਾਗੂ ਹੋਵੇਗੀ।
18. ਯੂਨੀਵਰਸਿਟੀ ਹੋਸਟਲਾਂ ਵਿਖੇ ਸਥਿਤ ਵੱਖ-ਵੱਖ ਮੈੱਸਾਂ ਦੇ ਠੇਕੇਦਾਰ ਕਿਰਾਏ, ਬਿਜਲੀ, ਪਾਣੀ ਦੇ ਬਿੱਲ ਦੇ ਨਾਲ-ਨਾਲ ਨਿਯਮਾਂ ਅਨੁਸਾਰ ਬਣਦਾ ਸਰਵਿਸ ਟੈਕਸ ਅਤੇ ਹੋਰ ਸਮੇਂ-ਸਮੇਂ ਤੇ ਸਰਕਾਰ ਵੱਲੋਂ ਲਗਾਏ ਜਾਣ ਵਾਲੇ ਟੈਕਸ ਚਾਰਜਜ ਅਤੇ ਫੰਡਜ ਵੀ ਦੇਣਗੇ।
19. ਮੈੱਸਾਂ ਦੇ ਠੇਕੇਦਾਰਾਂ ਵੱਲੋਂ ਯੂਨੀਵਰਸਿਟੀ ਸੰਪਤੀ ਦੀ ਦੁਰਵਰਤੋਂ ਕਰਨ ਜਾਂ ਉਸਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਉਣ ਤੇ ਉਸਦੀ ਭਰਵਾਈ ਸਬੰਧਿਤ ਠੇਕੇਦਾਰ ਵੱਲੋਂ ਜਮ੍ਹਾਂ ਕਰਵਾਈ ਗਈ ਜਮਾਨਤੀ ਰਕਮ ਵਿਚੋਂ ਕੀਤੀ ਜਾਵੇਗੀ।
20. ਕਿਸੇ ਵੀ ਮੈੱਸ ਵਿਚ ਮਿੱਟੀ ਦਾ ਤੇਲ, ਲੱਕੜ ਅਤੇ ਕੋਲੇ ਦਾ ਇਸਤੇਮਾਲ ਨਹੀਂ ਕੀਤਾ ਜਾਵੇਗਾ।
21. ਮੈੱਸਾਂ ਵਿਚ ਕੰਮ ਕਰਨ ਵਾਲੇ ਸਾਰੇ ਵਰਕਰ ਸਿਰ ਉਪਰ ਪੱਗੜੀ ਬੰਨਣਗੇ ਜਾਂ Cap ਪਾਉਣਗੇ। ਹੱਥਾਂ ਦੀ ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ ਅਤੇ ਨਾਖੁਨ ਸਹੀ ਢੰਗ ਨਾਲ ਕੱਟੇ ਹੋਣੇ ਚਾਹੀਦੇ ਹਨ। ਸਾਰੇ ਵਰਕਰ ਹਲਕੇ ਰੰਗ ਦੀ ਜੈਕਟ, ਜਿਸ ਦੇ ਪਿੱਛੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਲਿਖਿਆ ਹੋਵੇ, ਪਹਿਨਣਗੇ। ਜੈਕਟ ਉਹਨਾਂ ਵੱਲੋਂ ਆਪਣੇ ਪੱਧਰ ਤੇ ਬਣਾਈ ਜਾਵੇਗੀ। ਸਰਵਿਸ ਸਟਾਫ ਦੀ ਉਮਰ 14 ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ।
22. ਜਿਥੇ ਸਮਾਨ ਦੀ ਸਟੋਰੇਜ ਕੀਤੀ ਜਾਂਦੀ ਹੈ ਉਥੇ ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ।
23. ਮੈੱਸਾਂ ਦੇ ਠੇਕੇਦਾਰ ਵੱਲੋਂ ਆਪਣੇ ਪੱਧਰ ਤੇ ਸਾਰੇ ਸਟਾਫ ਦੇ ਸ਼ਨਾਖਤੀ ਕਾਰਡ ਬਣਵਾਏ ਜਾਣਗੇ।
24. ਮੈੱਸਾਂ ਦਾ ਸਾਰਾ ਸਟਾਫ ਸਾਫ ਸੁਥਰੇ ਕੱਪੜੇ ਪਾਵੇਗਾ।
25. ਮੈੱਸਾਂ ਦੇ ਸਾਰੇ ਠੇਕੇਦਾਰ ਚਾਹ-ਪਾਣੀ ਲਈ ਡਿਸਪੋਜੇਬਲ ਗਲਾਸ/ਪਲੇਟਾਂ ਨਹੀਂ ਵਰਤਣਗੇ।
26. ਮੈੱਸਾਂ ਦੇ ਠੇਕੇਦਾਰ ਵੇਰਕਾ/ਅਮੁੱਲ/ਨੈਸਲੇ ਆਦਿ ਦੇ ਮਿਲਕ ਪ੍ਰੋਡਕਟ ਵਰਤਣਗੇ।
27. ਮੈੱਸਾਂ ਦੇ ਠੇਕੇਦਾਰ ਸਾਰੀਆਂ ਵਸਤਾਂ ਮਿਆਰੀ (Standard) ਰੱਖਣਗੇ ਅਤੇ ਮੈੱਸ ਨੂੰ ਸਾਫ ਸੁਥਰਾ ਰੱਖਣਗੇ ਜਿਸਦੀ ਚੈਕਿੰਗ ਡੀਨ ਵਿਦਿਆਰਥੀ ਭਲਾਈ/ਨੁਮਾਇੰਦਾ, ਵਾਰਡਨ/ਨੁਮਾਇੰਦਾ ਜਾਂ ਮੈੱਸ ਕਮੇਟੀਆਂ ਵੱਲੋਂ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ।
28. ਹਰੇਕ ਠੇਕੇਦਾਰ ਲਈ ਮੈੱਸ ਵਿਚ ਖੁਦ ਬੈਠਣਾ ਲਾਜਮੀ ਹੋਵੇਗਾ ਅਤੇ ਇਸਨੂੰ ਅੱਗੇ Sublet ਕਰਨ ਦਾ ਅਧਿਕਾਰ ਨਹੀਂ ਹੋਵੇਗਾ।
29. ਮੈੱਸ ਦੇ ਬਾਹਰ ਮੋਟੇ ਅੱਖਰਾਂ ਵਿਚ ਲਿਖਵਾ ਕੇ ਬੋਰਡ ਲਗਵਾਇਆ ਜਾਵੇ ਕਿ "ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨਾ ਸਖਤ ਮਨ੍ਹਾਂ ਹੈ"।
30. ਮੈੱਸਾਂ ਦੇ ਠੇਕੇਦਾਰ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਕਿਸੇ ਵੀ ਕਿਸਮ ਦੇ ਨਸ਼ੇ ਦੀ ਵਰਤੋਂ ਨਾ ਕੀਤੀ ਜਾਵੇ। ਕੁਤਾਹੀ ਕਰਨ ਦੀ ਸੂਰਤ ਵਿਚ ਬੇ-ਦਖਲੀ ਦੇ ਅਧਿਕਾਰ ਸਮਰੱਥ ਅਧਿਕਾਰੀ ਜੀ ਪਾਸ ਰਾਖਵੇਂ ਹੋਣਗੇ।
31. ਮੈੱਸ ਵਿਚ ਵਰਤੀਆਂ ਜਾਣ ਵਾਲੀਆਂ ਵਸਤੂਆਂ ਨੂੰ ਕਿਸੇ ਸਮੇਂ ਵੀ ਯੂਨੀਵਰਸਿਟੀ ਮੈਡੀਕਲ ਅਫਸਰ ਜਾਂ ਸਮਰੱਥ ਅਧਿਕਾਰੀ ਜੀ ਵੱਲੋਂ ਚੈਕ ਕੀਤਾ ਜਾ ਸਕਦਾ ਹੈ। ਸਾਫ ਸਫਾਈ ਸਬੰਧੀ ਅਣਗਹਿਲੀ ਵਰਤਣ ਵਾਲੇ ਠੇਕੇਦਾਰ ਨੂੰ ਨਾਲ ਨੱਥੀ Penalty Structure ਅਨੁਸਾਰ ਜੁਰਮਾਨਾ ਕੀਤਾ ਜਾਵੇਗਾ ਅਤੇ ਵੱਡੀ ਕੁਤਾਹੀ ਕਰਨ ਦੀ ਸੂਰਤ ਵਿਚ 15 ਦਿਨਾਂ ਦੇ ਅੰਦਰ-2 ਅਲਾਟਮੈਂਟ ਕੈਂਸਲ ਕੀਤੀ ਜਾ ਸਕਦੀ ਹੈ।
32. ਮੈੱਸਾਂ ਦੇ ਠੇਕੇਦਾਰ ਹਰ ਲੋੜੀਂਦੇ ਸਮਾਨ ਦਾ ਪ੍ਰਬੰਧ ਆਪਣੇ ਪੱਧਰ ਤੇ ਕਰਨਗੇ।
33. ਸਰਕਾਰ ਵੱਲੋਂ ਸਮੇਂ-ਸਮੇਂ ਤੇ ਲਾਗੂ ਸਾਰੇ ਨਿਯਮ ਅਤੇ ਸ਼ਰਤਾਂ ਮੈੱਸ ਅਲਾਟੀਆਂ ਤੇ ਲਾਗੂ ਹੋਣਗੀਆਂ।
34. ਮੈੱਸਾਂ ਦੇ ਸਾਰੇ ਅਲਾਟੀਆਂ ਲਈ ਆਪਣੇ ਵਰਕਰਾਂ ਦਾ ਯੂਨੀਵਰਸਿਟੀ ਹੈਲਥ ਸੈਂਟਰ ਤੋਂ ਮੈਡੀਕਲ ਚੈੱਕਅਪ ਕਰਵਾ ਕੇ ਇਸਦੀ ਰਿਪੋਰਟ ਸਬੰਧਤ ਹੋਸਟਲ ਦੇ ਵਾਰਡਨਾਂ ਪਾਸ ਜਮ੍ਹਾਂ ਕਰਾਉਣੀ ਲਾਜਮੀ ਹੋਵਗੀ।

35. ਠੇਕੇਦਾਰ ਵੱਲੋਂ ਵਿਦਿਆਰਥੀਆਂ ਲਈ ਤਿਆਰ ਕਰਵਾਏ ਗਏ ਖਾਣੇ ਨੂੰ ਕਿਸੇ ਸਮੇਂ ਵੀ ਮੈਡੀਕਲ ਅਫਸਰ/ਡੀਨ ਵਿਦਿਆਰਥੀ ਭਲਾਈ ਜਾਂ ਵਾਰਡਨ ਵੱਲੋਂ ਚੈੱਕ ਕੀਤਾ ਜਾ ਸਕਦਾ ਹੈ।
36. ਮੈੱਸ ਦੇ ਅਲਾਟੀ ਦਾ ਵਿਦਿਆਰਥੀਆਂ/ਹੋਸਟਲ ਸਟਾਫ ਪ੍ਰਤੀ ਰਵੱਈਆ ਅਤੇ ਕੰਮ-ਕਾਰ ਤਸੱਲੀ-ਬਖਸ਼ ਹੋਣਾ ਚਾਹੀਦਾ ਹੈ।
37. ਮੈੱਸ ਦੇ ਠੇਕੇਦਾਰ ਲਈ ਡਾਈਟ ਰਜਿਸਟਰ ਮੇਨਟੇਨ ਕਰਨਾ ਅਤੇ ਮੈੱਸ ਦੇ ਬਿੱਲਾਂ ਦਾ ਰਿਕਾਰਡ ਰੱਖਣਾ ਵੀ ਲਾਜਮੀ ਹੋਵੇਗਾ।
38. ਉਪਰੋਕਤ ਸ਼ਰਤਾਂ ਦਾ ਪਾਲਣ ਨਾ ਕਰਨ ਦੀ ਸੂਰਤ ਵਿਚ ਠੇਕੇਦਾਰ ਵਿਰੁੱਧ ਨਿਮਨ-ਲਿਖਤ ਅਨੁਸਾਰ ਕਾਰਵਾਈ ਕਰਨ ਦੇ ਅਧਿਕਾਰ ਸਮਰੱਥ ਅਧਿਕਾਰੀਆਂ ਪਾਸ ਰਾਖਵੇਂ ਹੋਣਗੇ:-
    - ਅਲਾਟਮੈਂਟ ਬਿਨ੍ਹਾਂ ਕਿਸੇ ਨੋਟਿਸ ਜਾਂ ਕਾਰਨ ਸਪੱਸ਼ਟ ਕੀਤੇ ਤੋਂ ਮਨਸੂਖ ਕਰ ਦਿੱਤੀ ਜਾਵੇਗੀ।
    - ਜੁਰਮਾਨਾ ਪਾਇਆ ਜਾ ਸਕਦਾ ਹੈ।
    - ਸਕਿਉਰਟੀ ਜਬਤ ਕੀਤੀ ਜਾ ਸਕਦੀ ਹੈ।
    - ਮੈੱਸ ਬਿੱਲਾਂ ਦੀ ਅਦਾਇਗੀ ਰੋਕੀ/ਜਬਤ ਕੀਤੀ ਜਾ ਸਕਦੀ ਹੈ।
    - ਹੋਰ ਕੋਈ ਵੀ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ।
39. ਠੇਕੇਦਾਰਾਂ ਨੂੰ "ਬਗੈਰ ਕਾਰਨ ਦੱਸੇ" ਇਕ ਹਫਤੇ ਦਾ ਨੋਟਿਸ ਦਿੰਦੇ ਹੋਏ ਮੈੱਸ ਖਾਲੀ ਕਰਾਉਣ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ।
40. ਸੈਸ਼ਨ ਦੌਰਾਨ ਜੇਕਰ ਕਿਸੇ ਮੈੱਸ ਵਿਚ ਉਥੋਂ ਦੇ ਕਰਿੰਦੇ ਨਾਲ ਕੋਈ ਹਾਦਸਾ ਜਾਂ ਅਣਸੁਖਾਵੀਂ ਘਟਨਾ ਵਾਪਰ ਜਾਂਦੀ ਹੈ ਤਾਂ ਉਸਦੀ ਜਿੰਮੇਵਾਰੀ ਅਲਾਟੀ ਠੇਕੇਦਾਰ ਦੀ ਹੋਵੇਗੀ।

*ਨੋਟ: ਜਿਸ ਉਮੀਦਵਾਰ ਨੂੰ ਮੈੱਸ ਦੀ ਅਲਾਟਮੈਂਟ ਕਮੇਟੀ ਵੱਲੋਂ ਕੀਤੀ ਜਾਵੇਗੀ ਉਹ ਉਪਰੋਕਤ ਲਿਖਿਆਂ ਸ਼ਰਤਾਂ 25/- ਰੁਪਏ ਦੇ ਅਸ਼ਟਾਮ ਤੇ ਮੈਜਿਸਟਰੇਟ ਵੱਲੋਂ ਤਸਦੀਕਸ਼ੁਦਾ ਹਲਫੀਆ ਬਿਆਨ ਤਿਆਰ ਕਰਵਾ ਕੇ ਸਬੰਧਿਤ ਹੋਸਟਲ/ਡੀਨ ਵਿਦਿਆਰਥੀ ਭਲਾਈ ਦਫਤਰ ਵਿਚ ਜਮ੍ਹਾਂ ਕਰਵਾਏਗਾ।*

**ਡੀਨ ਵਿਦਿਆਰਥੀ ਭਲਾਈ**

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

## ਯੂਨੀਵਰਸਿਟੀ ਕੈਂਪਸ ਅਤੇ ਰਿਜਨਲ ਕੈਂਪਸਾਂ ਦੇ ਹੋਸਟਲਾਂ ਦੀਆਂ ਕੰਟੀਨਾਂ/ਦੁਕਾਨਾਂ ਲਈ ਫਾਰਮ/ਬਿਨੈ-ਪੱਤਰ

ਬਿਨੈਕਾਰ ਦੀ ਫੋਟੋ

1) ਬਿਨੈਕਾਰ ਦਾ ਨਾਮ : ____________________________

2) ਪਿਤਾ ਦਾ ਨਾਮ : ____________________________

3) ਉਮਰ : ____________________________

4) ਘਰ ਦਾ ਪਤਾ : ____________________________

____________________________

____________________________

5) ਮੋਬਾਇਲ/ਟੈਲੀਫੋਨ ਨੰ. : ____________________________

6) ਵਿਦਿਅਕ ਜਾਂ ਕਿਸੇ ਹੋਰ ਸੰਸਥਾ/ਕਾਲਜ/ਯੂਨੀਵਰਸਿਟੀ ਆਦਿ ਵਿਚ ਕੰਟੀਨ/ਦੁਕਾਨ ਚਲਾਉਣ ਦਾ ਤਜ਼ਰਬਾ:

| ਕ੍ਰਮ ਨੰ. | ਸੰਸਥਾ ਦਾ ਨਾਮ | ਸਮਾਂ | |
|---|---|---|---|
| | | ਕਦੋਂ ਤੋਂ | ਕਦੋਂ ਤੱਕ |
| | | | |
| | | | |
| | | | |

**ਨੋਟ:- Experience Certificate ਨਾਲ ਨੱਥੀ ਕੀਤਾ ਜਾਵੇ।**

7) ਕਿਸ ਕੈਂਪਸ ਦੇ ਕਿਹੜੇ ਹੋਸਟਲ ਦੀ ਕਿਹੜੀ ਕੰਟੀਨ/ਦੁਕਾਨ ਲੈਣ ਦੇ ਚਾਹਵਾਨ ਹੋ?

______________________________________________________________

8) ਕਿੰਨੀ License Fee/Financial Bid ਭਰਨ ਲਈ ਤਿਆਰ ਹੋ? : ____________________

9) **ਫਾਰਮ ਦੀ ਕੀਮਤ ਦਾ ਵੇਰਵਾ:-**

ਰਸੀਦ ਨੰਬਰ _____________ ਮਿਤੀ _____________

10) **ਜਮਾਨਤੀ ਰਕਮ ਦਾ ਵੇਰਵਾ:-**

ਡਰਾਫਟ ਨੰ. __________ ਰਕਮ ______________ ਮਿਤੀ __________

ਮੈਂ ਇਹ ਬਿਆਨ ਕਰਦਾ ਹਾ ਕਿ ਮੈਨੂੰ ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਹੀਂ ਦਿੱਤਾ ਗਿਆ ਹੈ ਅਤੇ ਨਾਂ ਹੀ ਮੈਨੂੰ ਕਿਸੇ ਵਿਭਾਗ/ਸੰਸਥਾ ਵੱਲੋਂ debar/blacklist ਕੀਤਾ ਗਿਆ ਹੈ।

***ਬਿਨੈਕਾਰ ਦੇ ਹਸਤਾਖਰ***

**ਫਾਰਮ ਦੀ ਕੀਮਤ 2,000/-ਰੁਪਏ**

**ਸੈਸ਼ਨ 2021–2022 ਲਈ (Extendable upto 30–06–2024) ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ, ਰਿਜਨਲ ਕੈਂਪਸ, ਜਲੰਧਰ ਅਤੇ ਰਿਜਨਲ ਕੈਂਪਸ, ਗੁਰਦਾਸਪੁਰ ਦੇ ਹੋਸਟਲਾਂ ਦੀਆਂ ਕੰਟੀਨਾਂ ਦੀ ਅਲਾਟਮੈਂਟ ਸਬੰਧੀ ਸ਼ਰਤਾਂ**

**ਬਿਨੈਕਾਰਾਂ ਨੂੰ ਬੇਨਤੀ ਹੈ ਕਿ ਅਪਲਾਈ ਕਰਨ ਤੋਂ ਪਹਿਲਾਂ ਹੇਠ ਲਿਖੀਆਂ ਸ਼ਰਤਾਂ ਧਿਆਨ ਨਾਲ ਪੜ੍ਹ ਲੈਣ ਤਾਂ ਜੋ ਬਿਨੈਪੱਤਰ ਕੈਂਸਲ/ਰਿਜੈਕਟ ਨਾ ਹੋਵੇ**

1. ਕੰਟੀਨਾਂ ਦੀ ਅਲਾਟਮੈਂਟ ਲਈ ਉਹ ਹੀ ਬਿਨੈਕਾਰ ਅਪਲਾਈ ਕਰ ਸਕਦੇ ਹਨ ਜਿਨ੍ਹਾਂ ਨੂੰ *ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਾ ਦਿੱਤਾ ਗਿਆ ਹੋਵੇ ਅਤੇ ਨਾ ਹੀ ਉਸ ਨੂੰ ਕਿਸੇ ਵਿਭਾਗ/ਸੰਸਥਾ ਵੱਲੋਂ debar/blacklist ਕੀਤਾ ਗਿਆ ਹੋਵੇ* ਅਤੇ ਜਿਨ੍ਹਾਂ ਕੋਲ ਕਿਸੇ ਸੰਸਥਾਂ/ਕਾਲਜ/ਯੂਨੀਵਰਸਿਟੀ ਵਿਖੇ ਕੰਮ ਕਰਨ ਦਾ ਘੱਟੋ-ਘੱਟ 3 ਸਾਲ ਦਾ Experience ਹੋਵੇ । Experience Certificate ਅਤੇ Residence Proof (Adhaar Card) ਦੀ ਪਰਤ ਬਿਨੈ-ਪੱਤਰ ਦੇ ਨਾਲ ਜਮ੍ਹਾਂ ਕਰਵਾਉਣੀ ਜ਼ਰੂਰੀ ਹੋਵੇਗੀ ।
2. ਜਿਸ ਬਿਨੈਕਾਰ ਵੱਲੋਂ ਵੀ ਕੰਟੀਨ ਲਈ ਅਲਪਾਈ ਕੀਤਾ ਜਾ ਰਿਹਾ ਹੈ ਉਸ ਬਿਨੈਕਾਰ ਦਾ Covid-19 Vaccinated ਹੋਣਾ ਜਰੂਰੀ ਹੈ, ਇਸ ਲਈ ਅਪਲਾਈ ਕਰਨ ਸਮੇਂ ਉਸ ਵੱਲੋਂ ਆਪਣਾ Vaccination Certificate ਬਿਨੈ-ਪੱਤਰ ਦੇ ਨਾਲ ਨੱਥੀ ਕਰਨਾ ਜਰੂਰੀ ਹੋਵੇਗਾ।
3. ਕੰਟੀਨਾਂ ਦੀ ਅਲਾਟਮੈਂਟ ਸਬੰਧੀ ਇਸ਼ਤਿਹਾਰ ਅਖਬਾਰ ਵਿਚ ਛੱਪਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ-ਅੰਦਰ ਫਾਰਮ/ਬਿਨੈ ਪੱਤਰ ਸੀਲਡ ਲਿਫਾਫੇ ਵਿਚ **ਡੀਨ ਵਿਦਿਆਰਥੀ ਭਲਾਈ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ** ਦੇ ਪਤੇ ਤੇ **ਰਜਿਸਟਰਡ ਪੋਸਟ/ਸਪੀਡ ਪੋਸਟ ਰਾਹੀਂ** ਭੇਜਿਆ ਜਾਵੇ ਜਿਸ ਉੱਪਰ ਮੋਟੇ ਅੱਖਰਾਂ ਵਿੱਚ "Application for the Allotment of Canteen *(ਜਿਸ ਲਈ ਵੀ ਅਪਲਾਈ ਕੀਤਾ ਹੋਵੇ)* ਲਿਖਿਆ ਹੋਵੇ।
4. ਇਕ ਤੋਂ ਵੱਧ ਕੰਟੀਨਾਂ ਵਾਸਤੇ ਵੱਖ-ਵੱਖ ਫਾਰਮ/ਬਿਨੈ-ਪੱਤਰ ਰਾਹੀਂ ਅਪਲਾਈ ਕਰਨਾ ਪਵੇਗਾ।ਨਿਰਧਾਰਤ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਬਿਨੈ-ਪੱਤਰ ਵਿਚਾਰੇ ਨਹੀ ਜਾਣਗੇ।
5. ਕੰਟੀਨਾਂ ਦੀ ਮੁਢਲੀ ਅਲਾਟਮੈਂਟ ਮਿਤੀ 01.07.2021 ਜਾਂ ਅਲਾਟਮੈਂਟ ਦੀ ਮਿਤੀ ਤੋਂ 30.06.2022 ਤੱਕ ਲਈ ਹੋਵੇਗੀ ਅਤੇ ਠੇਕੇਦਾਰ ਦੇ ਕੰਮ ਅਤੇ ਵਿਵਹਾਰ ਨੂੰ ਮੁੱਖ ਰਖਦੇ ਹੋਏ ਅਗਲੇ 2 ਸਾਲਾਂ (Extendable upto 30.06.2024 ਤੱਕ) ਲਈ ਹਰ ਸਾਲ 5% ਕਿਰਾਏ ਵਿੱਚ ਵਾਧਾ ਕਰਦੇ ਹੋਏ ਅਲਾਟਮੈਂਟ ਦੀ ਮਿਆਦ ਵਿੱਚ ਵਾਧਾ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ ।
6. ਫਾਰਮ/ਬਿਨੈ ਪੱਤਰ ਦੀ ਕੀਮਤ 2,000/- ਰੁਪਏ ਯੂਨੀਵਰਸਿਟੀ ਕੈਸ਼ੀਅਰ ਪਾਸ ਜਮਾਂ ਕਰਵਾਈ ਜਾਵੇਗੀ ।
7. ਜੇਕਰ ਕਿਸੇ ਕਾਰਨ ਕਰਕੇ ਕਿਸੇ ਕੰਟੀਨ ਦੀ ਅਲਾਟਮੈਂਟ ਰਹਿ ਜਾਂਦੀ ਹੈ ਤਾਂ ਮੁੜ ਇਸ਼ਤਿਹਾਰ ਦੇਣ ਦੀ ਬਜਾਏ ਉਸ ਦੀ ਮੁੜ ਅਲਾਟਮੈਂਟ ਜਾ ਕਿਸੇ ਪ੍ਰਕਾਰ ਦੀ ਸੂਚਨਾ ਜਾਰੀ ਕਰਨ ਸਬੰਧੀ Corrigendum ਯੂਨੀਵਰਸਿਟੀ ਵੈਬਸਾਈਟ ਤੇ ਅਪਲੋਡ ਕਰਨ ਦਾ ਅਧਿਕਾਰ ਵੀ ਯੂਨੀਵਰਸਿਟੀ ਪਾਸ ਹੋਵੇਗਾ।
8. ਕੰਟੀਨ ਲਈ ਬਿਨੈਕਾਰ ਵੱਲੋਂ ਆਪਣੇ ਬਿਨੈ ਪੱਤਰ ਵਿੱਚ ਜਿੰਨੀ Licence Fee/Financial Bid ਭਰੀ ਜਾਵੇਗੀ ਉਸ ਦੇ ਤਿੰਨ ਗੁਣਾ ਰਾਸ਼ੀ ਦਾ Demand Draft ਜੋ ਕਿ Registrar, Guru Nanak Dev University, Amritsar ਦੇ ਨਾਮ ਤੇ ਹੋਵੇ ਆਪਣੇ ਬਿਨੈ ਪੱਤਰ ਦੇ ਨਾਲ ਹੀ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਵੇਗਾ, ਜਿਸ ਦੀ ਰਾਸ਼ੀ ਸਫਲ ਉਮੀਦਵਾਰ ਦੀ ਜਮਾਨਤੀ ਰਕਮ ਵਿੱਚ ਐਡਜਟ ਕਰ ਦਿੱਤੀ ਜਾਵੇਗੀ (*ਜੋ ਅਲਾਟਮੈਂਟ ਦੀ ਮਿਆਦ ਖਤਮ ਹੋਣ ਉਪਰੰਤ ਬਿਨ੍ਹਾਂ ਵਿਆਜ ਵਾਪਸੀ ਯੋਗ ਹੋਵੇਗੀ*) ਅਤੇ ਬਾਕੀ ਉਮੀਦਵਾਰਾਂ ਨੂੰ Demand Draft ਵਾਪਿਸ ਕਰ ਦਿੱਤਾ ਜਾਵੇਗਾ ।
9. ਕੰਟੀਨ ਲਈ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ ਵਿੱਚੋਂ ਜਿਸ ਯੋਗ ਬਿਨੈਕਾਰ ਵੱਲੋਂ ਸਭ ਤੋਂ ਜ਼ਿਆਦਾ Licence Fees/Financial Bid ਭਰੀ ਹੋਵੇਗੀ ਉਸ ਬਿਨੈਕਾਰ ਨੂੰ ਹੀ ਇੰਟਰਵਿਊ ਲਈ ਬੁਲਾਉਣ ਉਪਰੰਤ ਅਲਾਟਮੈਂਟ ਕੀਤੀ ਜਾਵੇਗੀ। ਜੇਕਰ ਬਿਨੈਕਾਰ ਇੰਟਰਵਿਊ ਵਿੱਚ ਹਾਜ਼ਰ ਨਹੀਂ ਹੁੰਦਾ (ਜੋ ਕਿ ਬਿਨੈਕਾਰ ਨੂੰ ਅਪੀਅਰ ਹੋਣਾ Mandatory ਹੈ), ਤਾਂ ਉਸ ਵੱਲੋਂ Demand Draft ਦੇ ਰੂਪ ਵਿੱਚ ਜਮ੍ਹਾਂ ਕਰਵਾਈ ਗਈ ਰਾਸ਼ੀ ਜ਼ਬਤ ਕਰ ਲਈ ਜਾਵੇਗੀ ਅਤੇ ਜੇਕਰ ਇੰਟਰਵਿਉ ਵਿੱਚ ਹਾਜ਼ਰ ਹੋਏ ਯੋਗ ਬਿਨੈਕਾਰ ਵੱਲੋਂ ਜੇਕਰ ਇਕ ਹਫਤੇ ਦੇ ਅੰਦਰ-ਅੰਦਰ ਪਹਿਲੇ 3 ਮਹੀਨਿਆਂ ਦਾ ਪੇਸ਼ਗੀ ਕਿਰਾਇਆ ਅਤੇ ਨਿਯਮਾਂ ਅਨੁਸਾਰ GST ਅਲਾਟਮੈਂਟ ਸਮੇਂ ਹੀ ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਇਨ੍ਹਾਂ ਹਾਲਾਤਾਂ ਵਿੱਚ ਵੀ ਉਸ ਵੱਲੋਂ Demand Draft ਦੇ ਰੂਪ ਵਿੱਚ ਜਮ੍ਹਾਂ ਕਰਵਾਈ ਗਈ ਰਾਸ਼ੀ ਜ਼ਬਤ ਕਰ ਲਈ ਜਾਵੇਗੀ । ਇਸ ਉਪਰੰਤ Waiting List ਵਿੱਚੋਂ ਅਗਲੇ ਯੋਗ ਬਿਨੈਕਾਰ ਨੂੰ ਉਸ ਵੱਲੋਂ ਦਿੱਤੀ ਗਈ Licence Fees/ Financial Bid ਦੇ ਆਧਾਰ ਤੇ ਹੀ ਅਲਾਟਮੈਂਟ ਸਬੰਧੀ ਕਾਰਵਾਈ ਕੀਤੀ ਜਾਵੇਗੀ ਅਤੇ ਜੇਕਰ ਅਗਲੇ ਯੋਗ ਬਿਨੈਕਾਰ ਵੱਲੋਂ ਵੀ ਉਕਤ ਅਨੁਸਾਰ ਲੋੜੀਂਦੀ ਕਾਰਵਾਈ ਸਮੇਂ ਸਿਰ ਨਹੀਂ ਕੀਤੀ ਜਾਂਦੀ ਤਾਂ ਉਸ ਲਈ ਵੀ ਉਕਤ ਨਿਯਮ ਹੀ ਲਾਗੂ ਹੋਣਗੇ ਅਤੇ ਇਨ੍ਹਾਂ ਬਿਨੈਕਾਰਾਂ ਨੂੰ ਭਵਿੱਖ ਵਿੱਚ ਯੂਨੀਵਰਸਿਟੀ ਦੇ ਹੋਸਟਲਾਂ ਵਿਖੇ ਕਿਸੇ ਮੈੱਸ,ਕੰਟੀਨ,ਦੁਕਾਨ ਆਦਿ ਲਈ ਅਪਲਾਈ ਕਰਨ ਤੋਂ debar ਕੀਤਾ ਜਾਵੇਗਾ।
10. ਬਿਨੈਕਾਰਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਅਲਾਟਮੈਂਟ ਸਬੰਧੀ ਨਿਰਧਾਰਿਤ ਬਿਨੈ-ਪੱਤਰ ਵਿੱਚ ਅਪਣੇ ਮੋਬਾਇਲ ਨੰਬਰ ਅਤੇ E-mail ID ਸਹੀ ਭਰਨ ਕਿਉਂਜੋ ਯੋਗ ਬਿਨੈਕਾਰ ਨੂੰ ਇੰਟਰਵਿਉ ਸਬੰਧੀ ਦਫਤਰ ਵੱਲੋਂ ਮੋਬਾਇਲ ਕਾਲ, SMS ਅਤੇ ਉਸ ਵੱਲੋਂ ਦਿੱਤੀ ਗਈ E-mail ID ਤੇ ਸੂਚਨਾ ਦਿੱਤੀ ਜਾਵੇਗੀ । ਜੇਕਰ ਬਿਨੈਕਾਰ ਵੱਲੋਂ ਮੋਬਾਇਲ ਨੰਬਰ ਅਤੇ E-mail ID ਸਹੀ ਨਾ ਦਿੱਤੇ ਜਾਣ ਕਰਕੇ ਕੋਈ ਗਲਤੀ/ਦੇਰੀ ਹੁੰਦੀ ਹੈ ਜਾਂ ਉਸ ਬਿਨੈਕਾਰ ਦੀ ਇੰਟਰਵਿਊ ਰਹਿ ਜਾਂਦੀ ਹੈ ਤਾਂ ਉਸ ਦੀ ਜਿੰਮਵਾਰੀ ਸਬੰਧਿਤ ਬਿਨੈਕਾਰ ਦੀ ਹੋਵੇਗੀ।

11. ਕੰਟੀਨ ਦੀ ਅਲਾਟਮੈਂਟ ਹੋਣ ਉਪਰੰਤ ਜੇ ਕੋਈ ਠੇਕੇਦਾਰ ਕੰਟੀਨ ਨਿਰਧਾਰਿਤ ਮਿਤੀ ਤੋਂ ਪਹਿਲਾਂ ਛੱਡਨੀ ਚਾਹੇ ਤਾਂ ਉਸ ਵੱਲੋਂ ਯੂਨੀਵਰਸਿਟੀ ਨੂੰ 2 ਮਹੀਨੇ ਦਾ ਅਗਾਊਂ ਨੋਟਿਸ ਦੇਣਾ ਜ਼ਰੂਰੀ ਹੋਵੇਗਾ ਅਤੇ ਜੇਕਰ ਉਸ ਵੱਲੋਂ ਅਗਾਊਂ ਨੋਟਿਸ ਦੇਣ ਤੋਂ ਬਗੈਰ ਕੰਟੀਨ ਛੱਡੀ ਜਾਂਦੀ ਹੈ ਤਾਂ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਜਮਾਨਤੀ ਰਕਮ ਜ਼ਬਤ ਕਰ ਲਈ ਜਾਵੇਗੀ ।
12. ਕੰਟੀਨ ਦਾ ਠੇਕੇਦਾਰ ਪਹਿਲੇ 3 ਮਹੀਨਿਆਂ ਦਾ ਪੇਸ਼ਗੀ ਕਿਰਾਇਆ ਅਤੇ ਨਿਯਮਾਂ ਅਨੁਸਾਰ GST ਅਲਾਟਮੈਂਟ ਸਮੇਂ ਹੀ ਜਮ੍ਹਾਂ ਕਰਵਾਏਗਾ ਅਤੇ ਅਗਲੇ 3 ਮਹੀਨਿਆਂ ਦਾ ਕਿਰਾਇਆ (ਸਮੇਤ GST) ਸਤੰਬਰ ਮਹੀਨੇ ਦੀ 25 ਤੋਂ 30 ਤਾਰੀਖ (ਜਾਂ ਅਖੀਰਲੇ ਕੰਮ ਵਾਲੇ ਦਿਨ ਤੱਕ) ਜਮ੍ਹਾਂ ਕਰਵਾਏਗਾ। ਜੇਕਰ ਠੇਕੇਦਾਰ ਵੱਲੋਂ ਇਸ ਦਰਮਿਆਨ ਕਿਰਾਇਆ (ਸਮੇਤ GST) ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਅਕਤੂਬਰ ਮਹੀਨੇ ਦੀ 15 ਤਾਰੀਖ ਤੱਕ (ਜਾਂ ਕੰਮ ਵਾਲੇ ਦਿਨ ਤੱਕ) ਉਸ ਨੂੰ ਕਿਰਾਇਆ (ਸਮੇਤ GST) 10% Penalty ਨਾਲ ਜਮ੍ਹਾਂ ਕਰਵਾਉਣਾ ਪਵੇਗਾ ਅਤੇ ਜੇਕਰ ਠੇਕੇਦਾਰ ਵੱਲੋਂ ਫਿਰ ਵੀ ਕਿਰਾਇਆ (ਸਮੇਤ GST) ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਉਸਦਾ ਠੇਕਾ ਰੱਦ ਕਰਨ ਅਤੇ ਜਮਾਨਤੀ ਰਕਮ ਜਬਤ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ ।ਇਹ ਹੀ ਸ਼ਰਤ ਅਗਲੀਆਂ ਤਿਮਾਹੀਆਂ ਦੇ ਕਿਰਾਏ ਆਦਿ ਤੇ ਲਾਗੂ ਹੋਵੇਗੀ।
13. ਕੰਟੀਨਾਂ ਲਈ ਅਪਲਾਈ ਕਰਨ ਵਾਲੇ ਬਿਨੈਕਾਰਾਂ ਵੱਲੋਂ Food Safety and Standards Authority of India ਵੱਲੋਂ ਨਿਰਧਾਰਿਤ Valid FSSAI License ਦੀ ਪਰਤ ਬਿਨੈ ਪੱਤਰ ਦੇ ਨਾਲ ਜਮ੍ਹਾਂ ਕਰਵਾਉਣੀ ਜ਼ਰੂਰੀ ਹੋਵੇਗੀ।
14. ਹੋਸਟਲ ਕੰਟੀਨਾਂ ਦੇ ਠੇਕੇਦਾਰ ਕਿਰਾਏ, ਬਿਜਲੀ, ਪਾਣੀ ਦੇ ਕਿਰਾਏ ਤੋਂ ਇਲਾਵਾ ਨਿਯਮਾਂ ਅਨੁਸਾਰ GST ਅਤੇ ਹੋਰ ਸਮੇਂ-ਸਮੇਂ ਤੇ ਸਰਕਾਰ ਵੱਲੋਂ ਲਗਾਏ ਜਾਣ ਵਾਲੇ ਟੈਕਸ ਦੇਣ ਦੇ ਪਾਬੰਦ ਹੋਣਗੇ।
15. ਕੰਟੀਨਾਂ ਵਿਚ ਬਿਜਲੀ ਦੇ ਮੀਟਰ ਠੇਕੇਦਾਰ ਵੱਲੋਂ ਆਪਣੇ ਪੱਧਰ ਅਤੇ ਖਰਚੇ ਤੇ ਲਗਵਾਏ ਜਾਣਗੇ ਅਤੇ ਇਨ੍ਹਾਂ ਦੇ ਬਿੱਲਾਂ ਦੀ ਅਦਾਇਗੀ ਵੀ ਠੇਕੇਦਾਰ ਵੱਲੋਂ ਆਪਣੇ ਪੱਧਰ ਤੇ ਕੀਤੀ ਜਾਵੇਗੀ । ਕੰਟੀਨਾਂ ਦੇ ਠੇਕੇਦਾਰਾਂ ਪਾਸੋਂ ਪਾਣੀ ਦਾ ਕਿਰਾਇਆ 500/-ਪ੍ਰਤੀ ਮਹੀਨਾ ਅਨੁਸਾਰ ਚਾਰਜ਼ ਕੀਤਾ ਜਾਵੇਗਾ।
16. ਕੰਟੀਨਾਂ ਦੇ ਠੇਕੇਦਾਰਾਂ ਵੱਲੋਂ ਯੂਨੀਵਰਸਿਟੀ ਸੰਪਤੀ ਦੀ ਦੁਰਵਰਤੋਂ ਕਰਨ ਜਾਂ ਉਸਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਉਣ ਤੇ ਉਸਦੀ ਭਰਪਾਈ ਸਬੰਧਿਤ ਠੇਕੇਦਾਰ ਵੱਲੋਂ ਜਮ੍ਹਾਂ ਕਰਵਾਈ ਗਈ ਜਮਾਨਤੀ ਰਕਮ ਵਿੱਚੋਂ ਕੀਤੀ ਜਾਵੇਗੀ।
17. ਕਿਸੇ ਵੀ ਕੰਟੀਨ ਵਿੱਚ ਮਿਟੀ ਦਾ ਤੇਲ, ਲੱਕੜ ਅਤੇ ਕੋਲੇ ਦਾ ਇਸਤੇਮਾਲ ਨਹੀਂ ਕੀਤਾ ਜਾਵੇਗਾ।
18. ਕੰਟੀਨਾਂ ਵਿਚ ਕੰਮ ਕਰਨ ਵਾਲਾ ਸਾਰਾ ਸਟਾਫ ਸਿਰ ਉਪਰ ਪੱਗੜੀ ਬੰਨਣਗੇ ਜਾਂ cap ਪਾਉਣਗੇ। ਉਹ ਹਲਕੇ ਰੰਗ ਦੀ ਜੈਕਟ, ਜਿਸ ਦੇ ਮਗਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਲਿਖਿਆ ਹੋਵੇ ਪਹਿਨਣਗੇ । ਜੈਕਟ ਉਹਨਾਂ ਵਲੋਂ ਆਪਣੇ ਪੱਧਰ ਤੇ ਬਣਾਈ ਜਾਵੇਗੀ । ਸਰਵਿਸ ਸਟਾਫ ਦੀ ਉਮਰ 14 ਸਾਲਾਂ ਤੋਂ ਘੱਟ ਨਹੀਂ ਹੋਣੀ ਚਾਹੀਦੀ।
19. ਕੰਟੀਨਾਂ ਦੇ ਅਲਾਟੀਆਂ ਵਲੋਂ ਆਪਣੇ ਪੱਧਰ ਅਤੇ ਖਰਚੇ ਤੇ ਸਾਰੇ ਸਟਾਫ ਦੇ ਸ਼ਨਾਖਤੀ ਕਾਰਡ ਬਣਵਾਏ ਜਾਣਗੇ।
20. ਕੰਟੀਨਾਂ ਦਾ ਸਾਰਾ ਸਟਾਫ ਸਾਫ ਸੁਥਰੇ ਕਪੜੇ ਪਾਉਣਗੇ।
21. ਕੰਟੀਨਾਂ ਦੇ ਅਲਾਟੀ ਚਾਹ ਪਾਣੀ ਆਦਿ ਲਈ ਕਿਸੇ ਵੀ ਪ੍ਰਕਾਰ ਦੇ ਡਿਸਪੋਜ਼ੇਬਲ ਗਲਾਸ/ਪਲੇਟਾਂ ਦੀ ਵਰਤੋਂ ਨਹੀਂ ਕਰਣਗੇ।
22. ਕੰਟੀਨ ਅਲਾਟੀ ਸਾਰੀਆਂ ਵਸਤਾਂ ਮਿਆਰੀ ਰੱਖਣਗੇ।
23. ਅਲਾਟੀ ਕੰਟੀਨਾਂ ਨੂੰ ਸਾਫ ਸੁਥਰਾ ਰੱਖਣਗੇ।
24. ਹਰੇਕ ਅਲਾਟੀ ਨੂੰ ਕੰਟੀਨਾਂ ਤੇ ਖੁਦ ਬੈਠਣਾ ਲਾਜ਼ਮੀ ਹੋਵੇਗਾ।
25. ਕੰਟੀਨਾਂ ਦੇ ਠੇਕੇਦਾਰਾਂ ਵੱਲੋਂ ਕੰਟੀਨ ਦੇ ਬਾਹਰ ਮੋਟੇ ਅੱਖਰਾਂ ਵਿਚ ਲਿਖਵਾ ਕੇ ਬੋਰਡ ਲਗਾਇਆ ਜਾਵੇਗਾ ਕਿ “ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨਾ ਸਖਤ ਮਨਾ ਹੈ” ਅਤੇ ਨਾਲ ਹੀ ਠੇਕੇਦਾਰ ਕੰਟੀਨ ਦੇ ਬੋਰਡ ਤੇ ਅਪਣਾ ਨਾਮ ਅਤੇ ਮੋਬਾਇਲ ਨੰਬਰ ਵੀ ਦਰਸਾਵੇਗਾ।
26. ਕੰਟੀਨਾਂ ਵਿਚ ਵਿਕਣ ਵਾਲੀਆਂ ਵੱਸਤੁਆ ਨੂੰ ਕਿਸੇ ਸਮੇਂ ਵੀ ਮੈਡੀਕਲ ਅਫਸਰ/ਕਮੇਟੀ ਜਾਂ ਸਮਰਥ ਅਧਿਕਾਰੀ ਵਲੋਂ ਚੈਕ ਕੀਤਾ ਜਾ ਸਕਦਾ ਹੈ। ਸਾਫ ਸਫਾਈ ਸਬੰਧੀ ਅਣਗਹਿਲੀ ਵਰਤਨ ਵਾਲੇ ਅਲਾਟੀ ਨੂੰ ਨਾਲ ਨੱਥੀ Penalty Structure ਅਨੁਸਾਰ ਜੁਰਮਾਨਾਂ ਕੀਤਾ ਜਾਵੇਗਾ ਅਤੇ ਵੱਡੀ ਕੁਤਾਹੀ ਕਰਨ ਦੀ ਸੂਰਤ ਵਿਚ 15 ਦਿਨ੍ਹਾਂ ਦੇ ਅੰਦਰ-2 ਅਲਾਟਮੈਂਟ ਕੈਂਸਲ ਕੀਤੀ ਜਾਵੇਗੀ।
27. ਕੰਟੀਨਾਂ ਦੇ ਠੇਕੇਦਾਰ ਨੂੰ ਇਸ ਨੂੰ ਅੱਗੇ sublet ਕਰਨ ਦਾ ਅਧਿਕਾਰ ਨਹੀਂ ਹੋਵੇਗਾ।
28. ਠੇਕੇਦਾਰਾਂ ਨੂੰ “ਬਗੈਰ ਕਾਰਨ ਦੱਸੇ” ਇਕ ਹਫਤੇ ਦਾ ਨੋਟਿਸ ਦਿੰਦੇ ਹੋਏ ਕੰਟੀਨ ਖਾਲੀ ਕਰਵਾਉਣ ਦੀ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ।

*ਨੋਟ: ਜਿਸ ਉਮੀਦਵਾਰ ਨੂੰ ਕੰਟੀਨ ਦੀ ਅਲਾਟਮੈਂਟ ਕਮੇਟੀ ਵਲੋਂ ਕੀਤੀ ਜਾਵੇਗੀ ਉਹ ਉਪਰੋਕਤ ਲਿਖੀਆਂ ਸ਼ਰਤਾਂ 25/-ਰੁਪਏ ਦੇ ਅਸ਼ਟਾਮ ਤੇ ਮੈਜਿਸਟ੍ਰੇਟ ਵਲੋਂ ਤਸਦੀਕਸ਼ੁਦਾ ਫੋਟੋ ਵਾਲਾ ਹਲਫੀਆ ਬਿਆਨ ਤਿਆਰ ਕਰਵਾ ਕੇ ਜਨਰਲ ਸ਼ਾਖਾ ਵਿਚ ਜਮ੍ਹਾਂ ਕਰਵਾਏਗਾ।*

# Guru Nanak Dev University, Amritsar

## Penalty Structure for violation of Terms & Conditions by Mess/Canteen Conractors in University Campus

| *Sr.* | *Particulars* | *Penalty in Rs.* | *Remarks* |
|---|---|---|---|
| 1 | **Cleanliness of Kitchen** | | |
| | *I. Good* | NA | |
| | *II. Average* | 200 | |
| | *III. Poor* | 1000 | |
| | *IV. Very Poor* | 2000 | |
| 2 | **Quality of Raw Material/ Final Product** | | |
| | *I. Good* | NA | |
| | *II. Average* | 200 | |
| | *III. Poor* | 1000 | |
| | *IV. Very Poor* | 2000 | |
| 3 | **Use of Fuel:** *Oil, Wood, Coal* | 2000 | |
| 4 | *Age of Service Boys, if below 14 Years* | --- | **Immediate Cancellation of Contract** |
| 5 | **Use of Disposables** *(Thermocol, Plastic glass/plate prohibited)* | 400 | |
| 6 | **Non-Display of Board *(Use of Intoxicants is Prohibited)*** | 1000 | |
| 7 | **Non-Display of Fixed Rate List** | 1000 | |
| | **Minor Discrepancy** | | |
| 8 | **Cleanliness of Surroundings** | | |
| | *I. Good* | NA | |
| | *II. Average* | 200 | |
| | *III. Poor* | 500 | |
| | *IV. Very Poor* | 1000 | |
| 9 | **Non-wearing of Identity-Card by Staff** | @200 | i.e. multiply by no. of boys |
| 10 | **Non-wearing of Jackets by Boys with G.N.D.U mark on backside** | @200 | --do-- |
| 11 | **Personal Hygiene of Service Boys** | | |
| | *I. Head Cover missing* | @200 | --do-- |
| | *II. Clean Clothing not proper* | @200 | --do-- |
| | *III. Hair Cut not proper* | @200 | --do-- |
| | *iv. Uncut Nails* | @400 | -do- |

**ਸੈਸ਼ਨ 2021–2022 ਲਈ (Extendable upto 30–06–2024) ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ, ਰਿਜਨਲ ਕੈਂਪਸ, ਜਲੰਧਰ ਅਤੇ ਰਿਜਨਲ ਕੈਂਪਸ, ਗੁਰਦਾਸਪੁਰ ਦੇ ਹੋਸਟਲਾਂ ਦੀਆਂ ਦੁਕਾਨਾਂ ਦੀ ਅਲਾਟਮੈਂਟ ਸਬੰਧੀ ਸ਼ਰਤਾਂ**

**ਬਿਨੈਕਾਰਾਂ ਨੂੰ ਬੇਨਤੀ ਹੈ ਕਿ ਅਪਲਾਈ ਕਰਨ ਤੋਂ ਪਹਿਲਾਂ ਹੇਠ ਲਿਖੀਆਂ ਸ਼ਰਤਾਂ ਧਿਆਨ ਨਾਲ ਪੜ੍ਹ ਲੈਣ ਤਾਂ ਜੋ ਬਿਨੈਪੱਤਰ ਕੈਂਸਲ/ਰਿਜੈਕਟ ਨਾ ਹੋਵੇ**

1. ਦੁਕਾਨਾਂ ਦੀ ਅਲਾਟਮੈਂਟ ਲਈ ਉਹ ਹੀ ਬਿਨੈਕਾਰ ਅਪਲਾਈ ਕਰ ਸਕਦੇ ਹਨ ਜਿਨ੍ਹਾਂ ਨੂੰ *ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਾ ਦਿੱਤਾ ਗਿਆ ਹੋਵੇ ਅਤੇ ਨਾ ਹੀ ਉਸ ਨੂੰ ਕਿਸੇ ਵਿਭਾਗ/ਸੰਸਥਾ ਵੱਲੋਂ debar/blacklist ਕੀਤਾ ਗਿਆ ਹੋਵੇ* ਅਤੇ ਜਿਨ੍ਹਾਂ ਕੋਲ ਕਿਸੇ ਸੰਸਥਾਂ/ਕਾਲਜ/ਯੂਨੀਵਰਸਿਟੀ ਵਿਖੇ ਕੰਮ ਕਰਨ ਦਾ ਘੱਟੋ-ਘੱਟ 3 ਸਾਲ ਦਾ Experience ਹੋਵੇ । Experience Certificate ਅਤੇ Residence Proof (Adhaar Card) ਦੀ ਪਰਤ ਬਿਨੈ-ਪੱਤਰ ਦੇ ਨਾਲ ਜਮ੍ਹਾਂ ਕਰਵਾਉਣੀ ਜ਼ਰੂਰੀ ਹੋਵੇਗੀ ।
2. ਜਿਸ ਬਿਨੈਕਾਰ ਵੱਲੋਂ ਵੀ ਦੁਕਾਨ ਲਈ ਅਲਪਾਈ ਕੀਤਾ ਜਾ ਰਿਹਾ ਹੈ ਉਸ ਬਿਨੈਕਾਰ ਦਾ Covid-19 Vaccinated ਹੋਣਾ ਜਰੂਰੀ ਹੈ ਇਸ ਲਈ ਅਪਲਾਈ ਕਰਨ ਸਮੇਂ ਉਸ ਵੱਲੋਂ ਆਪਣਾ Vaccination Certificate ਬਿਨੈ-ਪੱਤਰ ਦੇ ਨਾਲ ਨੱਥੀ ਕਰਨਾ ਜਰੂਰੀ ਹੋਵੇਗਾ।
3. ਦੁਕਾਨਾਂ ਦੀ ਅਲਾਟਮੈਂਟ ਸਬੰਧੀ ਇਸ਼ਤਿਹਾਰ ਅਖਬਾਰ ਵਿਚ ਛੱਪਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ-ਅੰਦਰ ਫਾਰਮ/ਬਿਨੈ ਪੱਤਰ ਸੀਲਡ ਲਿਫਾਫੇ ਵਿਚ **ਡੀਨ ਵਿਦਿਆਰਥੀ ਭਲਾਈ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ** ਦੇ ਪਤੇ ਤੇ **ਰਜਿਸਟਰਡ ਪੋਸਟ/ਸਪੀਡ ਪੋਸਟ ਰਾਹੀਂ** ਭੇਜਿਆ ਜਾਵੇ ਜਿਸ ਉੱਪਰ ਮੋਟੇ ਅੱਖਰਾਂ ਵਿੱਚ "Application for the Allotment of Shop *(ਜਿਸ ਲਈ ਵੀ ਅਪਲਾਈ ਕੀਤਾ ਹੋਵੇ)* ਲਿਖਿਆ ਹੋਵੇ।
4. ਇਕ ਤੋਂ ਵੱਧ ਦੁਕਾਨਾਂ ਵਾਸਤੇ ਵੱਖ-ਵੱਖ ਫਾਰਮ/ਬਿਨੈ-ਪੱਤਰ ਰਾਹੀਂ ਅਪਲਾਈ ਕਰਨਾ ਪਵੇਗਾ।ਨਿਰਧਾਰਤ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਬਿਨੈ-ਪੱਤਰ ਵਿਚਾਰੇ ਨਹੀ ਜਾਣਗੇ।
5. ਦੁਕਾਨਾਂ ਦੀ ਮੁਢਲੀ ਅਲਾਟਮੈਂਟ ਮਿਤੀ 01.07.2021 ਜਾਂ ਅਲਾਟਮੈਂਟ ਦੀ ਮਿਤੀ ਤੋਂ 30.06.2022 ਤੱਕ ਲਈ ਹੋਵੇਗੀ ਅਤੇ ਠੇਕੇਦਾਰ ਦੇ ਕੰਮ ਅਤੇ ਵਿਵਹਾਰ ਨੂੰ ਮੁੱਖ ਰਖਦੇ ਹੋਏ ਅਗਲੇ 2 ਸਾਲਾਂ (Extendable upto 30.06.2024 ਤੱਕ) ਲਈ ਹਰ ਸਾਲ 5% ਕਿਰਾਏ ਵਿੱਚ ਵਾਧਾ ਕਰਦੇ ਹੋਏ ਅਲਾਟਮੈਂਟ ਦੀ ਮਿਆਦ ਵਿੱਚ ਵਾਧਾ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ ।
6. ਫਾਰਮ/ਬਿਨੈ ਪੱਤਰ ਦੀ ਕੀਮਤ 2,000/- ਰੁਪਏ ਯੂਨੀਵਰਸਿਟੀ ਕੈਸ਼ੀਅਰ ਪਾਸ ਜਮਾਂ ਕਰਵਾਈ ਜਾਵੇਗੀ ।
7. ਜੇਕਰ ਕਿਸੇ ਕਾਰਨ ਕਰਕੇ ਕਿਸੇ ਦੁਕਾਨ ਦੀ ਅਲਾਟਮੈਂਟ ਰਹਿ ਜਾਂਦੀ ਹੈ ਤਾਂ ਮੁੜ ਇਸ਼ਤਿਹਾਰ ਦੇਣ ਦੀ ਬਜਾਏ ਉਸ ਦੀ ਮੁੜ ਅਲਾਟਮੈਂਟ ਜਾ ਕਿਸੇ ਪ੍ਰਕਾਰ ਦੀ ਸੂਚਨਾ ਜਾਰੀ ਕਰਨ ਸਬੰਧੀ Corrigendum ਯੂਨੀਵਰਸਿਟੀ ਵੈਬਸਾਈਟ ਤੇ ਅਪਲੋਡ ਕਰਨ ਦਾ ਅਧਿਕਾਰ ਵੀ ਯੂਨੀਵਰਸਿਟੀ ਪਾਸ ਹੋਵੇਗਾ।
8. ਦੁਕਾਨ ਲਈ ਬਿਨੈਕਾਰ ਵੱਲੋਂ ਆਪਣੇ ਬਿਨੈ ਪੱਤਰ ਵਿੱਚ ਜਿੰਨੀ Licence Fee/Financial Bid ਭਰੀ ਜਾਵੇਗੀ ਉਸ ਦੇ ਤਿੰਨ ਗੁਣਾ ਰਾਸ਼ੀ ਦਾ Demand Draft ਜੋ ਕਿ Registrar, Guru Nanak Dev University, Amritsar ਦੇ ਨਾਮ ਤੇ ਹੋਵੇ ਆਪਣੇ ਬਿਨੈ ਪੱਤਰ ਦੇ ਨਾਲ ਹੀ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਵੇਗਾ, ਜਿਸ ਦੀ ਰਾਸ਼ੀ ਸਫਲ ਉਮੀਦਵਾਰ ਦੀ ਜਮਾਨਤੀ ਰਕਮ ਵਿੱਚ ਐਡਜਟ ਕਰ ਦਿੱਤੀ ਜਾਵੇਗੀ (*ਜੋ ਅਲਾਟਮੈਂਟ ਦੀ ਮਿਆਦ ਖਤਮ ਹੋਣ ਉਪਰੰਤ ਬਿਨ੍ਹਾਂ ਵਿਆਜ ਵਾਪਸੀ ਯੋਗ ਹੋਵੇਗੀ*) ਅਤੇ ਬਾਕੀ ਉਮੀਦਵਾਰਾਂ ਨੂੰ Demand Draft ਵਾਪਿਸ ਕਰ ਦਿੱਤਾ ਜਾਵੇਗਾ ।
9. ਦੁਕਾਨ ਲਈ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ ਵਿੱਚੋਂ ਜਿਸ ਯੋਗ ਬਿਨੈਕਾਰ ਵੱਲੋਂ ਸਭ ਤੋਂ ਜ਼ਿਆਦਾ Licence Fees/Financial Bid ਭਰੀ ਹੋਵੇਗੀ ਉਸ ਬਿਨੈਕਾਰ ਨੂੰ ਹੀ ਇੰਟਰਵਿਊ ਲਈ ਬੁਲਾਉਣ ਉਪਰੰਤ ਅਲਾਟਮੈਂਟ ਕੀਤੀ ਜਾਵੇਗੀ। ਜੇਕਰ ਬਿਨੈਕਾਰ ਇੰਟਰਵਿਊ ਵਿੱਚ ਹਾਜ਼ਰ ਨਹੀਂ ਹੁੰਦਾ (ਜੋ ਕਿ ਬਿਨੈਕਾਰ ਨੂੰ ਅਪੀਅਰ ਹੋਣਾ Mandatory ਹੈ), ਤਾਂ ਉਸ ਵੱਲੋਂ Demand Draft ਦੇ ਰੂਪ ਵਿੱਚ ਜਮ੍ਹਾਂ ਕਰਵਾਈ ਗਈ ਰਾਸ਼ੀ ਜ਼ਬਤ ਕਰ ਲਈ ਜਾਵੇਗੀ ਅਤੇ ਜੇਕਰ ਇੰਟਰਵਿਊ ਵਿੱਚ ਹਾਜ਼ਰ ਹੋਏ ਯੋਗ ਬਿਨੈਕਾਰ ਵੱਲੋਂ ਜੇਕਰ ਇਕ ਹਫਤੇ ਦੇ ਅੰਦਰ-ਅੰਦਰ ਪਹਿਲੇ 3 ਮਹੀਨਿਆਂ ਦਾ ਪੇਸ਼ਗੀ ਕਿਰਾਇਆ ਅਤੇ ਨਿਯਮਾਂ ਅਨੁਸਾਰ GST ਅਲਾਟਮੈਂਟ ਸਮੇਂ ਹੀ ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਇਨ੍ਹਾਂ ਹਾਲਾਤਾਂ ਵਿੱਚ ਵੀ ਉਸ ਵੱਲੋਂ Demand Draft ਦੇ ਰੂਪ ਵਿੱਚ ਜਮ੍ਹਾਂ ਕਰਵਾਈ ਗਈ ਰਾਸ਼ੀ ਜ਼ਬਤ ਕਰ ਲਈ ਜਾਵੇਗੀ । ਇਸ ਉਪਰੰਤ Waiting List ਵਿੱਚੋਂ ਅਗਲੇ ਯੋਗ ਬਿਨੈਕਾਰ ਨੂੰ ਉਸ ਵੱਲੋਂ ਦਿੱਤੀ ਗਈ Licence Fees/ Financial Bid ਦੇ ਆਧਾਰ ਤੇ ਹੀ ਅਲਾਟਮੈਂਟ ਸਬੰਧੀ ਕਾਰਵਾਈ ਕੀਤੀ ਜਾਵੇਗੀ ਅਤੇ ਜੇਕਰ ਅਗਲੇ ਯੋਗ ਬਿਨੈਕਾਰ ਵੱਲੋਂ ਵੀ ਉਕਤ ਅਨੁਸਾਰ ਲੋੜੀਂਦੀ ਕਾਰਵਾਈ ਸਮੇਂ ਸਿਰ ਨਹੀਂ ਕੀਤੀ ਜਾਂਦੀ ਤਾਂ ਉਸ ਲਈ ਵੀ ਉਕਤ ਨਿਯਮ ਹੀ ਲਾਗੂ ਹੋਣਗੇ ਅਤੇ ਇਨ੍ਹਾਂ ਬਿਨੈਕਾਰਾਂ ਨੂੰ ਭਵਿੱਖ ਵਿੱਚ ਯੂਨੀਵਰਸਿਟੀ ਹੋਸਟਲ ਵਿਖੇ ਕਿਸੇ ਮੈਸ/ਕੰਟੀਨ/ਦੁਕਾਨ ਆਦਿ ਲਈ ਅਪਲਾਈ ਕਰਨ ਤੋਂ debar ਕੀਤਾ ਜਾਵੇਗਾ।
10. ਬਿਨੈਕਾਰਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਅਲਾਟਮੈਂਟ ਸਬੰਧੀ ਨਿਰਧਾਰਿਤ ਬਿਨੈ-ਪੱਤਰ ਵਿੱਚ ਅਪਣੇ ਮੋਬਾਇਲ ਨੰਬਰ ਅਤੇ E-mail ID ਸਹੀ ਭਰਨ ਕਿਉਂਜੋ ਯੋਗ ਬਿਨੈਕਾਰ ਨੂੰ ਇੰਟਰਵਿਊ ਸਬੰਧੀ ਦਫਤਰ ਵੱਲੋਂ ਮੋਬਾਇਲ ਕਾਲ, SMS ਅਤੇ ਉਸ ਵੱਲੋਂ ਦਿੱਤੀ ਗਈ E-mail ID ਤੇ ਸੂਚਨਾ ਦਿੱਤੀ ਜਾਵੇਗੀ । ਜੇਕਰ ਬਿਨੈਕਾਰ ਵੱਲੋਂ ਮੋਬਾਇਲ ਨੰਬਰ ਅਤੇ E-mail ID ਸਹੀ ਨਾ ਦਿੱਤੇ ਜਾਣ ਕਰਕੇ ਕੋਈ ਗਲਤੀ/ਦੇਰੀ ਹੁੰਦੀ ਹੈ ਜਾਂ ਉਸ ਬਿਨੈਕਾਰ ਦੀ ਇੰਟਰਵਿਊ ਰਹਿ ਜਾਂਦੀ ਹੈ ਤਾਂ ਉਸ ਦੀ ਜਿੰਮਵਾਰੀ ਸਬੰਧਿਤ ਬਿਨੈਕਾਰ ਦੀ ਹੋਵੇਗੀ।
11. ਦੁਕਾਨ ਦੀ ਅਲਾਟਮੈਂਟ ਹੋਣ ਉਪਰੰਤ ਜੇ ਕੋਈ ਠੇਕੇਦਾਰ ਦੁਕਾਨ ਨਿਰਧਾਰਿਤ ਮਿਤੀ ਤੋਂ ਪਹਿਲਾਂ ਛੱਡਨੀ ਚਾਹੇ ਤਾਂ ਉਸ ਵੱਲੋਂ ਯੂਨੀਵਰਸਿਟੀ ਨੂੰ 2 ਮਹੀਨੇ ਦਾ ਅਗਾਊਂ ਨੋਟਿਸ ਦੇਣਾ ਜ਼ਰੂਰੀ ਹੋਵੇਗਾ ਅਤੇ ਜੇਕਰ ਉਸ ਵੱਲੋਂ ਅਗਾਊਂ ਨੋਟਿਸ ਦੇਣ ਤੋਂ ਬਗੈਰ ਦੁਕਾਨ ਛੱਡੀ ਜਾਂਦੀ ਹੈ ਤਾਂ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਜਮਾਨਤੀ ਰਕਮ ਜ਼ਬਤ ਕਰ ਲਈ ਜਾਵੇਗੀ ।
12. ਦੁਕਾਨ ਦਾ ਠੇਕੇਦਾਰ ਪਹਿਲੇ 3 ਮਹੀਨਿਆਂ ਦਾ ਪੇਸ਼ਗੀ ਕਿਰਾਇਆ ਅਤੇ ਨਿਯਮਾਂ ਅਨੁਸਾਰ GST ਅਲਾਟਮੈਂਟ ਸਮੇਂ ਹੀ ਜਮ੍ਹਾਂ ਕਰਵਾਏਗਾ ਅਤੇ ਅਗਲੇ 3 ਮਹੀਨਿਆਂ ਦਾ ਕਿਰਾਇਆ (ਸਮੇਤ GST) ਸਤੰਬਰ ਮਹੀਨੇ ਦੀ 25 ਤੋਂ 30 ਤਾਰੀਖ (ਜਾਂ ਅਖੀਰਲੇ ਕੰਮ ਵਾਲੇ ਦਿਨ ਤੱਕ) ਜਮ੍ਹਾਂ ਕਰਵਾਏਗਾ। ਜੇਕਰ ਠੇਕੇਦਾਰ ਵੱਲੋਂ ਇਸ ਦਰਮਿਆਨ ਕਿਰਾਇਆ (ਸਮੇਤ GST) ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਅਕਤੂਬਰ ਮਹੀਨੇ ਦੀ 15 ਤਾਰੀਖ ਤੱਕ (ਜਾਂ ਕੰਮ ਵਾਲੇ ਦਿਨ ਤੱਕ) ਉਸ ਨੂੰ ਕਿਰਾਇਆ (ਸਮੇਤ GST) 10% Penalty ਨਾਲ ਜਮ੍ਹਾਂ ਕਰਵਾਉਣਾ ਪਵੇਗਾ ਅਤੇ ਜੇਕਰ ਠੇਕੇਦਾਰ ਵੱਲੋਂ ਫਿਰ ਵੀ ਕਿਰਾਇਆ (ਸਮੇਤ GST) ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਉਸਦਾ ਠੇਕਾ ਰੱਦ ਕਰਨ ਅਤੇ ਜਮਾਨਤੀ ਰਕਮ ਜਬਤ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ ।ਇਹ ਹੀ ਸ਼ਰਤ ਅਗਲੀਆਂ ਤਿਮਾਹੀਆਂ ਦੇ ਕਿਰਾਏ ਆਦਿ ਤੇ ਲਾਗੂ ਹੋਵੇਗੀ।

13. ਦੁਕਾਨਾਂ ਦੇ ਠੇਕੇਦਾਰ ਕਿਰਾਏ ਅਤੇ ਬਿਜਲੀ ਦੇ ਬਿੱਲ ਤੋਂ ਇਲਾਵਾ ਨਿਯਮਾਂ ਅਨੁਸਾਰ GST ਅਤੇ ਹੋਰ ਸਮੇਂ-ਸਮੇਂ ਤੇ ਸਰਕਾਰ ਵੱਲੋਂ ਲਗਾਏ ਜਾਣ ਵਾਲੇ ਟੈਕਸ ਦੇਣ ਦੇ ਪਾਬੰਦ ਹੋਣਗੇ।
14. ਦੁਕਾਨਾਂ ਵਿਚ ਬਿਜਲੀ ਦੇ ਮੀਟਰ ਠੇਕੇਦਾਰ ਵੱਲੋਂ ਆਪਣੇ ਪੱਧਰ ਅਤੇ ਖਰਚੇ ਤੇ ਲਗਵਾਏ ਜਾਣਗੇ ਅਤੇ ਇਨ੍ਹਾਂ ਦੇ ਬਿੱਲਾਂ ਦੀ ਅਦਾਇਗੀ ਵੀ ਠੇਕੇਦਾਰ ਵੱਲੋਂ ਆਪਣੇ ਪੱਧਰ ਤੇ ਕੀਤੀ ਜਾਵੇਗੀ ।
15. ਦੁਕਾਨਾਂ ਦੇ ਠੇਕੇਦਾਰਾਂ ਵੱਲੋਂ ਯੂਨੀਵਰਸਿਟੀ ਸੰਪਤੀ ਦੀ ਦੁਰਵਰਤੋਂ ਕਰਨ ਜਾਂ ਉਸਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਉਣ ਤੇ ਉਸਦੀ ਭਰਪਾਈ ਸਬੰਧਿਤ ਠੇਕੇਦਾਰ ਵੱਲੋਂ ਜਮ੍ਹਾਂ ਕਰਵਾਈ ਗਈ ਜਮਾਨਤੀ ਰਕਮ ਵਿੱਚੋਂ ਕੀਤੀ ਜਾਵੇਗੀ।
16. ਸਰਵਿਸ ਸਟਾਫ ਦੀ ਉਮਰ 14 ਸਾਲਾਂ ਤੋਂ ਘੱਟ ਨਹੀਂ ਹੋਣੀ ਚਾਹੀਦੀ।
17. ਦੁਕਾਨਾਂ ਦੇ ਅਲਾਟੀਆਂ ਵਲੋਂ ਆਪਣੇ ਪੱਧਰ ਅਤੇ ਖਰਚੇ ਤੇ ਸਾਰੇ ਸਟਾਫ ਦੇ ਸ਼ਨਾਖਤੀ ਕਾਰਡ ਬਣਵਾਏ ਜਾਣਗੇ।
18. ਦੁਕਾਨਾਂ ਦਾ ਸਾਰਾ ਸਟਾਫ ਸਾਫ ਸੁਥਰੇ ਕਪੜੇ ਪਾਉਣਗੇ।
19. ਅਲਾਟੀ ਦੁਕਾਨਾਂ ਨੂੰ ਸਾਫ ਸੁਥਰਾ ਰੱਖਣਗੇ।
20. ਹਰੇਕ ਅਲਾਟੀ ਨੂੰ ਦੁਕਾਨ ਤੇ ਖੁਦ ਬੈਠਣਾ ਲਾਜ਼ਮੀ ਹੋਵੇਗਾ।
21. ਦੁਕਾਨਾਂ ਦੇ ਠੇਕੇਦਾਰ ਨੂੰ ਇਸ ਨੂੰ ਅੱਗੇ sublet ਕਰਨ ਦਾ ਅਧਿਕਾਰ ਨਹੀਂ ਹੋਵੇਗਾ।
22. ਠੇਕੇਦਾਰਾਂ ਨੂੰ "ਬਗੈਰ ਕਾਰਨ ਦੱਸੇ" ਇਕ ਹਫਤੇ ਦਾ ਨੋਟਿਸ ਦਿੰਦੇ ਹੋਏ ਦੁਕਾਨ ਖਾਲੀ ਕਰਵਾਉਣ ਦੀ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ।

*ਨੋਟ: ਜਿਸ ਉਮੀਦਵਾਰ ਨੂੰ ਸਟੇਸ਼ਨਰੀ/ਫੋਟੋਸਟੇਟ ਦੁਕਾਨ ਦੀ ਅਲਾਟਮੈਂਟ ਕਮੇਟੀ ਵਲੋਂ ਕੀਤੀ ਜਾਵੇਗੀ ਉਹ ਉਪਰੋਕਤ ਲਿਖੀਆਂ ਸ਼ਰਤਾਂ 25/-ਰੁਪਏ ਦੇ ਅਸ਼ਟਾਮ ਤੇ ਮੈਜਿਸਟ੍ਰੇਟ ਵਲੋਂ ਤਸਦੀਕਸ਼ੁਦਾ ਫੋਟੋ ਵਾਲਾ ਹਲਫੀਆ ਬਿਆਨ ਤਿਆਰ ਕਰਵਾ ਕੇ ਜਨਰਲ ਸ਼ਾਖਾ ਵਿਚ ਜਮ੍ਹਾਂ ਕਰਵਾਏਗਾ।*